
People's Herald People's Herald



Rs- 160/month

# "ਇਕੁਐਲਿਟੀ ਐਂਡ ਜਸਟਿਸ"

https://www.facebook.com/profile.php?id=161037521061610

ਪਟਿਆਲਾ



"Equality and Justice" स्वतंत्रता, समानता, भाईचारा

PATIALA On line paper 03 ਨਵੰਬਰ 2025 ਸੋਮਵਾਰ "ਰੋਜ਼ਾਨਾ" ਚੌਥਾ ਸਾਲ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ



(Google pay91-9463601616 HARDIP SINGH STATE BANK OF INDIA ACCT NO-10566643658 . IFSC- SBIN0050773

## ਕਿਸੇ ਬੱਚੇ ਨੂੰ ਭੀਖ ਮੰਗਦਾ ਵੇਖੋਂ, ਤਾਂ ਤੁਰੰਤ ਚਾਈਲਡ ਹੈਲਪਲਾਈਨ ਨੰਬਰ 1098 'ਤੇ ਸੂਚਨਾ ਦੇਓ- ਡਾ. ਬਲਜੀਤ ਕੌਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 02 ਨਵੰਬਰ INTERNATIONAL PAPER, 94636 01616 hardipchumber57@gmail.com

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਦੀ ਦੂਰਅੰਦੇਸ਼ੀ ਅਗਵਾਈ ਹੇਠ, ਪੰਜਾਬ ਸਰਕਾਰ ਨੇ ਹੁਣ ਤੱਕ ਆਪਣੇ ਪ੍ਰਮੁੱਖ ਪ੍ਰੋਜੈਕਟ ਜੀਵਨਜੋਤ ਅਤੇ ਜੀਵਨਜੋਤ 2.0 ਪਹਿਲਕਦਮੀਆਂ ਤਹਿਤ 704 ਬੱਚਿਆਂ ਨੂੰ ਬਾਲ ਭੀਖ ਮੰਗਣ ਵਾਲਿਆਂ ਦੇ ਚੁੰਗਲ ਤੋਂ ਬਚਾਇਆ ਹੈ — ਜੋ ਰਾਜ ਦੇ ਹਰ ਬੱਚੇ ਦੇ ਪੁਨਰਵਾਸ, ਸੁਰੱਖਿਆ ਅਤੇ ਸਨਮਾਨਜਨਕ ਜੀਵਨ ਨੂੰ ਯਕੀਨੀ ਬਣਾਉਣ ਲਈ ਸ਼ੁਰੂ ਕੀਤੇ ਗਏ ਹਨ। ਇਹ ਪ੍ਰੋਜੈਕਟ ਬਾਲ ਸੁਰੱਖਿਆ ਦੇ ਖੇਤਰ ਵਿੱਚ ਪੰਜਾਬ ਸਰਕਾਰ ਦੇ ਪ੍ਰੇਰਕ ਯਤਨ ਦੀ ਸ਼ਾਨਦਾਰ ਮਿਸਾਲ ਹੈ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਪ੍ਰੋਜੈਕਟ ਜੀਵਨਜੋਤ, ਜੁਲਾਈ 2024 ਤੋਂ ਪੰਜਾਬ ਭਰ ਵਿੱਚ ਲਾਗੂ ਕੀਤਾ ਜਾ ਰਿਹਾ ਹੈ, ਜ਼ਿਲ੍ਹਾ ਪ੍ਰਸ਼ਾਸਨ ਦੁਆਰਾ ਹਰ ਮਹੀਨੇ ਦੇ ਦੂਜੇ ਹਫ਼ਤੇ ਦੌਰਾਨ ਮਾਸਿਕ ਬਚਾਅ ਮੁਹਿੰਮਾਂ ਚਲਾਉਣ 'ਤੇ ਕੇਂਦ੍ਰਿਤ ਹੈ। ਭੀਖ ਮੰਗਣ ਤੋਂ ਬਚਾਏ ਗਏ ਬੱਚਿਆਂ ਦਾ ਉਨ੍ਹਾਂ ਦੀ ਉਮਰ, ਯੋਗਤਾ ਅਤੇ ਦਸਤਾਵੇਜ਼ਾਂ ਦੀ ਉਪਲਬਧਤਾ ਦੇ ਅਨੁਸਾਰ ਵੱਖ-ਵੱਖ ਭਲਾਈ ਸਕੀਮਾਂ ਰਾਹੀਂ ਪੁਨਰਵਾਸ ਕੀਤਾ ਜਾ ਰਿਹਾ ਹੈ।

ਸ਼ੋਸ਼ਣ ਵਿਰੁੱਧ ਸਰਕਾਰ ਦੇ ਦ੍ਰਿੜ ਸਟੈਂਡ ਨੂੰ ਉਜਾਗਰ ਕਰਦੇ ਹੋਏ, ਡਾ. ਬਲਜੀਤ ਕੌਰ ਨੇ ਕਿਹਾ ਕਿ ਮਨੁੱਖੀ ਤਸਕਰੀ ਅਤੇ ਸੰਗਠਿਤ ਭੀਖ ਮੰਗਣ ਵਾਲੇ ਰੈਕੇਟਾਂ ਨੂੰ ਰੋਕਣ ਲਈ ਰਾਜ ਸਰਕਾਰ ਨੇ ਪ੍ਰੋਜੈਕਟ ਜੀਵਨਜੋਤ 2.0 ਸ਼ੁਰੂ ਕੀਤਾ ਹੈ। ਇਸ ਪਹਿਲਕਦਮੀ ਦੇ ਤਹਿਤ, ਬਚਾਏ ਗਏ ਬੱਚਿਆਂ ਅਤੇ ਉਨ੍ਹਾਂ ਦੇ ਨਾਲ ਆਉਣ ਵਾਲੇ ਬਾਲਗਾਂ ਦੇ ਸਬੰਧਾਂ ਦੀ ਪੁਸ਼ਟੀ ਕਰਨ ਲਈ ਡੀਐਨਏ ਟੈਸਟ ਕੀਤੇ ਜਾਂਦੇ ਹਨ। ਜੇਕਰ ਡੀਐਨਏ ਨਤੀਜੇ ਮੇਲ ਨਹੀਂ ਖਾਂਦੇ, ਤਾਂ ਅਪਰਾਧੀਆਂ ਵਿਰੁੱਧ ਐਫਆਈਆਰ ਦਰਜ ਕਰਕੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਬਚਾਏ ਗਏ 704 ਬੱਚਿਆਂ ਵਿੱਚੋਂ, 269 ਨੂੰ ਸਕੂਲਾਂ ਵਿੱਚ ਦਾਖਲ ਕਰਵਾਇਆ ਗਿਆ ਹੈ, 15 ਆਂਗਨਵਾੜੀ ਸੈਂਟਰਾਂ ਵਿੱਚ ਦਾਖਲ ਹੋਏ ਹਨ, 43 ਨੂੰ ਸਪਾਂਸਰਸ਼ਿਪ ਸਕੀਮ ਅਧੀਨ ਲਾਭ ਪ੍ਰਦਾਨ ਕੀਤੇ ਗਏ ਹਨ, ਅਤੇ 15 ਨੂੰ ਸਿਹਤ ਯੋਜਨਾ ਤਹਿਤ ਕਵਰ ਕੀਤਾ ਗਿਆ ਹੈ।

ਇਸ ਪਹਿਲਕਦਮੀ ਬਾਰੇ ਬੋਲਦਿਆਂ, ਡਾ. ਬਲਜੀਤ ਕੌਰ ਨੇ ਕਿਹਾ,

"ਹਰ ਬੱਚਾ ਇੱਕ ਸੁਰੱਖਿਅਤ ਅਤੇ ਸਨਮਾਨਜਨਕ ਬਚਪਨ ਦਾ ਹੱਕਦਾਰ ਹੈ। ਪ੍ਰੋਜੈਕਟ ਜੀਵਨਜੋਤ ਰਾਹੀਂ, ਪੰਜਾਬ ਸਰਕਾਰ ਨਾ ਸਿਰਫ਼ ਬੱਚਿਆਂ ਨੂੰ ਸ਼ੋਸ਼ਣ ਤੋਂ ਬਚਾ ਰਹੀ ਹੈ, ਸਗੋਂ ਇਹ ਵੀ ਯਕੀਨੀ ਬਣਾ ਰਹੀ ਹੈ ਕਿ ਉਨ੍ਹਾਂ ਨੂੰ ਸਿੱਖਿਆ, ਸਿਹਤ ਸੰਭਾਲ ਅਤੇ ਉਮੀਦ



ਨਾਲ ਭਰਿਆ ਭਵਿੱਖ ਮਿਲੇ।"

ਉਨ੍ਹਾਂ ਨੇ ਦੁਹਰਾਇਆ ਕਿ ਪੰਜਾਬ ਸਰਕਾਰ ਹਰ ਬੱਚੇ ਦੇ ਸਿੱਖਿਆ, ਸਿਹਤ ਅਤੇ ਸਨਮਾਨ ਦੇ ਅਧਿਕਾਰ ਦੀ ਰੱਖਿਆ ਲਈ ਪੂਰੀ ਤਰ੍ਹਾਂ ਵਚਨਬੱਧ ਹੈ, ਜਿਸ ਨਾਲ ਪੰਜਾਬ ਦੇ ਹਰ ਬੱਚੇ ਲਈ ਭੀਖ-ਮੁਕਤ, ਸੁਰੱਖਿਅਤ ਅਤੇ ਸਨਮਾਨਜਨਕ ਬਚਪਨ ਯਕੀਨੀ ਬਣਾਇਆ ਜਾ ਸਕੇ।

ਡਾ. ਬਲਜੀਤ ਕੌਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਉਹ ਕਿਸੇ ਬੱਚੇ ਨੂੰ ਭੀਖ ਮੰਗਦਾ ਵੇਖਣ, ਤਾਂ ਤੁਰੰਤ ਚਾਈਲਡ ਹੈਲਪਲਾਈਨ ਨੰਬਰ 1098 'ਤੇ ਸੂਚਨਾ ਦੇਣ, ਤਾਂ ਜੋ ਬੱਚੇ ਨੂੰ ਸੁਰੱਖਿਅਤ ਬਚਪਨ ਵੱਲ ਵਾਪਸ ਲਿਆਂਦਾ ਜਾ ਸਕੇ।

## ਬਲੈਕਮੇਲ, ਉਗਰਾਹੀ, ਫਿਰੌਤੀ ਵਸੂਲਣ ਵਾਲੇ ਕ੍ਰਿਸ਼ਨੂੰ ਦੇ ਫੋਨਾਂ, ਚੈਟ ਰਿਕਾਰਡਾਂ ਅਤੇ ਨਿੱਜੀ ਡਾਇਰੀ ਤੋਂ ਭੇਤ ਖੁੱਲ੍ਹਿਆ,

### ਦੋ ਦਰਜਨ ਸੀਨੀਅਰ ਆਈ ਏ ਐੱਸ ਅਤੇ ਆਈ ਪੀ ਐੱਸ ਅਧਿਕਾਰੀ ਰੋਜ਼ਾਨਾ ਉਸ ਦੇ ਸੰਪਰਕ 'ਚ ਸਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 02 ਨਵੰਬਰ INTERNATIONAL PAPER, 94636 01616 hardipchumber57@gmail.com

ਰਿਸ਼ਵਤ ਮਾਮਲੇ 'ਚ ਗ੍ਰਿਫ਼ਤਾਰ ਤੇ ਮੁਅੱਤਲ ਡੀ ਆਈ ਜੀ ਹਰਚਰਨ ਸਿੰਘ ਭੁੱਲਰ ਦੇ ਕਰੀਬੀ ਕ੍ਰਿਸ਼ਨੂੰ ਸ਼ਾਰਦਾ ਦੇ ਭੇਤਾਂ ਦਾ ਪਰਦਾਫਾਸ਼ ਹੋਣਾ ਸ਼ੁਰੂ ਹੋ ਗਿਆ ਹੈ। ਸੀ ਬੀ ਆਈ ਦੀ ਲਗਾਤਾਰ ਪੁੱਛ-ਪੜਤਾਲ ਅਤੇ ਉਸ ਦੇ ਡਿਜੀਟਲ ਟਰੇਲ ਦੀ ਫੋਰੈਂਸਿਕ ਜਾਂਚ ਤੋਂ ਪੰਜਾਬ ਦੇ ਸੱਤਾਧਾਰੀ ਹਲਕਿਆਂ 'ਚ ਵਧ-ਫੁਲ ਰਹੇ 'ਸੁਰੱਖਿਆ ਲਈ ਭੁਗਤਾਨ' ਨੈੱਟਵਰਕ ਦਾ ਖ਼ੁਲਾਸਾ ਹੋਇਆ ਹੈ। ਜਾਂਚ ਨਾਲ ਜੁੜੇ ਸੂਤਰਾਂ ਨੇ ਦੱਸਿਆ ਕਿ ਸ਼ਾਰਦਾ ਦੇ ਫੋਨਾਂ, ਚੈਟ ਰਿਕਾਰਡਾਂ ਅਤੇ ਨਿੱਜੀ ਡਾਇਰੀ ਤੋਂ ਭੇਤ ਖੁੱਲ੍ਹਿਆ ਹੈ ਕਿ ਦੋ ਦਰਜਨ ਸੀਨੀਅਰ ਆਈ ਏ ਐੱਸ ਅਤੇ ਆਈ ਪੀ ਐੱਸ ਅਧਿਕਾਰੀ ਰੋਜ਼ਾਨਾ ਉਸ ਦੇ ਸੰਪਰਕ 'ਚ ਸਨ। ਇਸ ਤੋਂ ਇਲਾਵਾ ਸੂਬੇ ਦੇ ਸਿਵਲ ਅਤੇ ਪੁਲੀਸ ਅਧਿਕਾਰੀਆਂ ਦੀ ਲੰਬੀ ਸੂਚੀ ਵੀ ਸਾਹਮਣੇ ਆਈ ਹੈ। ਸੀਨੀਅਰ ਅਫ਼ਸਰਾਂ ਅਤੇ ਆਗੂਆਂ ਨਾਲ ਜੁੜੇ ਕਈ ਸਰਕਾਰੀ ਅਤੇ ਨਿੱਜੀ ਮੁਲਾਜ਼ਮਾਂ ਦੀ ਵੀ ਸ਼ਾਰਦਾ ਦੇ 'ਸਰੋਤ' ਵਜੋਂ ਪਛਾਣ ਹੋਈ ਹੈ ਜੋ ਸਰਕਾਰੀ ਹੁਕਮਾਂ ਅਤੇ ਨੋਟੀਫਿਕੇਸ਼ਨਾਂ ਬਾਰੇ ਜਾਣਕਾਰੀ ਅਗਾਊਂ ਹੀ ਲੀਕ ਕਰ ਦਿੰਦੇ ਸਨ। ਕ੍ਰਿਸ਼ਨੂੰ ਇਸ ਜਾਣਕਾਰੀ ਨੂੰ ਕਥਿਤ ਤੌਰ 'ਤੇ ਬਲੈਕਮੇਲ, ਉਗਰਾਹੀ ਅਤੇ ਫਿਰੌਤੀ ਵਸੂਲਣ ਲਈ ਕਰਦਾ ਸੀ। ਉਹ ਗੁਪਤ ਚੈਨਲਾਂ ਰਾਹੀਂ ਇਸ ਬਾਰੇ ਆਪਣੇ 'ਆਕਾਵਾਂ' ਨਾਲ ਜਾਣਕਾਰੀ ਸਾਂਝੀ ਕਰਦਾ ਸੀ। ਅਧਿਕਾਰੀ ਨੇ ਕਿਹਾ, "ਉਸ ਨੇ ਆਪਣੇ ਆਪ ਨੂੰ ਅਜਿਹੇ ਵਿਅਕਤੀ ਵਜੋਂ ਪੇਸ਼ ਕੀਤਾ ਜੋ ਕਰੀਅਰ ਬਣਾ ਜਾਂ ਵਿਗਾੜ ਸਕਦਾ ਹੈ ਅਤੇ ਪੁਲੀਸ ਕਾਰਵਾਈ, ਤਬਾਦਲੇ, ਪੋਸਟਿੰਗ ਤੇ ਇੱਥੋਂ ਤੱਕ ਕਿ ਕਾਨੂੰਨੀ ਮਾਮਲਿਆਂ ਨੂੰ ਵੀ ਕੰਟਰੋਲ ਕਰ ਸਕਦਾ ਹੈ।" ਉਸ ਦਾ ਪ੍ਰਭਾਵ ਮੁਹਾਲੀ, ਰੋਪੜ, ਫ਼ਤਿਹਗੜ੍ਹ ਸਾਹਿਬ, ਪਟਿਆਲਾ, ਲੁਧਿਆਣਾ, ਜਲੰਧਰ ਅਤੇ ਆਪਣੇ ਗ੍ਰਹਿ ਨਗਰ ਨਾਭਾ 'ਚ ਵੀ ਸੀ। ਸੀ ਬੀ ਆਈ ਜਾਂਚ 'ਚ ਇਹ ਵੀ ਖ਼ੁਲਾਸਾ ਹੋਇਆ ਹੈ ਕਿ ਸ਼ਾਰਦਾ ਦੋ ਜਾਂ ਤਿੰਨ ਹੋਰ ਦਲਾਲਾਂ ਦੇ ਸੰਪਰਕ 'ਚ ਵੀ ਸੀ। ਬਿਨਾਂ ਕਿਸੇ ਅਧਿਕਾਰਤ ਮਨਜ਼ੂਰੀ ਜਾਂ ਅਹੁਦੇ ਦੇ ਚੰਡੀਗੜ੍ਹ ਸਥਿਤ ਪੰਜਾਬ 'ਚ ਸੱਤਾ ਦੇ ਗਲਿਆਰਿਆਂ 'ਚ ਉਸ ਦਾ ਆਉਣਾ-ਜਾਣਾ ਆਮ ਜਿਹੀ ਗੱਲ ਸੀ। ਹੁਣ ਇਸ ਮਾਮਲੇ ਨੂੰ ਸੁਰੱਖਿਆ ਅਤੇ ਖ਼ੁਫ਼ੀਆ ਭੇਤ ਲੀਕ ਹੋਣ ਦੀ ਗੰਭੀਰ ਉਲੰਘਣਾ ਵਜੋਂ ਵੀ ਦੇਖਿਆ ਜਾ ਰਿਹਾ ਹੈ।

ਸੂਤਰਾਂ ਨੇ ਕਿਹਾ ਕਿ ਸ਼ਾਰਦਾ ਹਾਕੀ ਖਿਡਾਰੀ ਵਜੋਂ ਉਭਰਿਆ ਸੀ ਅਤੇ ਉਹ ਪੰਜਾਬ ਪੁਲੀਸ 'ਚ ਸ਼ਾਮਲ ਹੋਣਾ ਚਾਹੁੰਦਾ ਸੀ ਪਰ ਖਾਹਿਸ਼ ਪੂਰੀ ਨਾ ਹੋਣ 'ਤੇ ਉਸ ਨੇ ਸਾਲ 2000 ਦੇ ਸ਼ੁਰੂ 'ਚ ਸਾਬਕਾ ਕ੍ਰਿਕਟਰ ਅਤੇ ਸਾਬਕਾ ਮੰਤਰੀ ਨਵਜੋਤ ਸਿੰਘ ਸਿੱਧੂ ਦੀ ਟੀਮ ਦਾ ਹਿੱਸਾ ਬਣ ਕੇ ਸਿਆਸੀ ਹਲਕਿਆਂ ਅੰਦਰ ਘੁਸਪੈਠ ਕੀਤੀ। ਬਾਅਦ 'ਚ ਉਸ ਨੇ ਕਈ ਪਾਰਟੀਆਂ ਅਤੇ ਅਫ਼ਸਰਾਂ ਨਾਲ ਸੰਪਰਕ ਬਣਾ ਲਏ ਸਨ। ਸੂਤਰ ਨੇ ਕਿਹਾ ਕਿ ਜਦੋਂ ਸਾਰੇ ਰਾਹ ਬੰਦ ਹੋ ਜਾਂਦੇ ਸਨ ਤਾਂ ਸਾਰੇ ਕ੍ਰਿਸ਼ਨੂੰ ਸ਼ਾਰਦਾ ਕੋਲ ਪਹੁੰਚ ਕਰਦੇ ਸਨ ਅਤੇ ਹੁਣ ਉਹ ਸਾਰੇ ਇਸ ਗੱਲੋਂ ਡਰ ਰਹੇ ਹਨ ਕਿ ਕ੍ਰਿਸ਼ਨੂੰ ਸ਼ਾਰਦਾ ਉਨ੍ਹਾਂ ਬਾਰੇ ਸਭ ਕੁਝ ਜਾਣਦਾ ਹੈ। ਸ਼ਾਰਦਾ ਦੀ ਗ੍ਰਿਫ਼ਤਾਰੀ ਨੇ ਅਫ਼ਸਰਾਂ, ਸਿਆਸੀ ਆਗੂਆਂ, ਕਾਰੋਬਾਰੀਆਂ ਅਤੇ ਇਥੋਂ ਤੱਕ ਕਿ ਮੀਡੀਆ ਕਰਮੀਆਂ ਨੂੰ ਵੀ ਹਿਲਾ ਕੇ ਰੱਖ ਦਿੱਤਾ ਹੈ। ਉਹ 29 ਅਕਤੂਬਰ ਤੋਂ ਸੀ ਬੀ ਆਈ ਦੀ 9 ਦਿਨਾਂ ਹਿਰਾਸਤ 'ਚ ਹੈ ਪਰ ਉਹ ਜਾਂਚ ਅਧਿਕਾਰੀਆਂ ਨੂੰ ਗੁੰਮਰਾਹ ਕਰ ਰਿਹਾ ਹੈ ਅਤੇ ਅਹਿਮ ਸਵਾਲਾਂ ਤੋਂ ਬਚ ਰਿਹਾ ਹੈ।

### ਹਰਚਰਨ ਭੁੱਲਰ ਦਾ ਪੰਜ ਰੋਜ਼ਾ ਸੀ ਬੀ ਆਈ ਰਿਮਾਂਡ




ਰਿਸ਼ਵਤਖੋਰੀ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤੇ ਗਏ ਪੰਜਾਬ ਪੁਲੀਸ ਦੇ ਮੁਅੱਤਲ ਡੀ ਆਈ ਜੀ ਹਰਚਰਨ ਸਿੰਘ ਭੁੱਲਰ ਦਾ ਪੰਜ ਦਿਨਾਂ ਦਾ ਰਿਮਾਂਡ ਹਾਸਲ ਕਰ ਲਿਆ ਹੈ। ਜਾਂਚ ਏਜੰਸੀ ਨੇ ਚੰਡੀਗੜ੍ਹ ਸਥਿਤ ਸੀ ਬੀ ਆਈ ਦੀ ਵਿਸ਼ੇਸ਼ ਅਦਾਲਤ ਵਿੱਚ ਹਰਚਰਨ ਭੁੱਲਰ ਦੇ ਰਿਮਾਂਡ ਦੀ ਮੰਗ ਲਈ ਅਰਜ਼ੀ ਦਾਇਰ ਕੀਤੀ ਸੀ। ਭੁੱਲਰ ਵੱਲੋਂ ਅਦਾਲਤ 'ਚ ਪੇਸ਼ ਹੋਏ ਵਕੀਲਾਂ ਐੱਚ ਐੱਸ ਧਨੋਆ ਅਤੇ ਆਰ ਪੀ ਐੱਸ ਬਾਰਾ ਨੇ ਰਿਮਾਂਡ ਦੀ ਮੰਗ ਦਾ ਵਿਰੋਧ ਕੀਤਾ। ਸੀ ਬੀ ਆਈ ਦੇ ਵਕੀਲ ਨੇ ਕਿਹਾ ਕਿ ਮਾਮਲੇ ਵਿੱਚ ਗ੍ਰਿਫ਼ਤਾਰ ਕੀਤੇ ਕ੍ਰਿਸ਼ਨੂੰ ਸ਼ਾਰਦਾ ਦੇ ਮੋਬਾਈਲ ਫੋਨ ਵਿੱਚ ਭੁੱਲਰ ਨਾਲ ਸਬੰਧਤ ਚੈਟ ਬਰਾਮਦ ਕੀਤੀ ਗਈ ਹੈ, ਜਿਸ ਦੀ ਜਾਂਚ ਕਰਨ ਦੀ ਲੋੜ ਹੈ। ਅੱਜ ਅਦਾਲਤ ਵਿੱਚ ਹਰਚਰਨ ਸਿੰਘ ਭੁੱਲਰ ਦੀ ਪੇਸ਼ੀ ਦੌਰਾਨ ਉਸ ਦੀ ਧੀ ਵੀ ਮੌਜੂਦ ਸੀ ਜਿਸ ਨੇ ਪਿਤਾ ਨਾਲ ਮੁਲਾਕਾਤ ਕੀਤੀ।

## ਅਸੀਂ ਵੀ ਪੂਰਾ ਜ਼ੋਰ ਲਾਵਾਂਗੇ ਤੇ ਦੁਨੀਆਂ ਦੀ ਵੱਡੀ ਤੋਂ ਵੱਡੀ ਸਟੇਜ ਤੋਂ ਪੰਜਾਬੀ ਬੋਲੀ ਜਾਊਗੀ, ਪੰਜਾਬੀ ਬੋਲੀ ਦੀਆਂ ਗੱਲਾਂ ਹੋਣਗੀਆਂ,

### ਤੇ ਅਸੀਂ ਵੀ ਪੂਰਾ ਜ਼ੋਰ ਲਾਵਾਂਗੇ, ਰੋਕ ਨੀ ਸਕਦਾ ਕੋਈ ਮਈ ਦਾ ਲਾਲ ਸਾਨੂੰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 02 ਨਵੰਬਰ INTERNATIONAL PAPER, 94636 01616 hardipchumber57@gmail.com



ਦਿਲਜੀਤ ਦੋਸਾਂਝ ਇਸ ਆਸਟ੍ਰੇਲੀਆ 'ਚ ਸਮੇਂ ਔਰਾ ਟੂਰ 'ਤੇ ਹਨ। ਇਸ ਟੂਰ ਤੋਂ ਪਹਿਲਾਂ ਉਨ੍ਹਾਂ ਦੇ ਅੱਤਵਾਦੀ ਪੰਨੂ ਦੇ ਵੱਲੋਂ ਦਲਜੀਤ ਦੁਸਾਂਝ ਨੂੰ ਧਮਕੀ ਦਿੱਤੀ ਗਈ ਸੀ। ਖਾਲਸਤਾਨੀ ਅੱਤਵਾਦੀ ਪੰਨੂ ਨੇ ਕਿਹਾ ਕਿ ਦਿਲਜੀਤ ਨੇ ਅਮਿਤਾਭ ਬੱਚਨ ਦੇ ਪੈਰੀਂ ਹੱਥ ਲਗਾ ਕੇ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਦਾ ਅਪਮਾਨ ਕੀਤਾ ਹੈ। ਜਿਸ ਦੇ ਜਵਾਬ 'ਚ ਦਿਲਜੀਤ ਨੇ ਇੱਕ ਪੋਸਟ ਪਾ ਕੇ ਕਿਹਾ ਸੀ ਕਿ ਉਨ੍ਹਾਂ ਨੇ ਕੇਬੀਸੀ ਦੇ ਵਿੱਚ ਆਪਣੇ ਕਿਸੇ ਗਾਣੇ ਦੀ ਪ੍ਰਮੋਸ਼ਨ ਲਈ ਜਾਂ ਕਿਸੇ ਫਿਲਮ ਦੀ ਪ੍ਰਮੋਸ਼ਨ ਲਈ ਨਹੀਂ ਗਏ ਸਨ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਉਹ ਪੰਜਾਬ ਲਈ ਗਏ ਸਨ ਅਤੇ ਖਾਸ ਕਰਕੇ ਪੰਜਾਬ ਦੇ ਹੜ੍ਹਾਂ ਦੀ ਗੱਲ ਨੈਸ਼ਨਲ ਪੱਧਰ 'ਤੇ ਰੱਖਣ ਲਈ ਕੇਬੀਸੀ ਵਿੱਚ ਸ਼ਾਮਲ ਹੋਏ ਸਨ।

ਉੱਥੇ ਹੀ ਹੁਣ ਧਮਕੀ ਤੋਂ ਬਾਅਦ ਆਸਟ੍ਰੇਲੀਆ 'ਚ ਦਿਲਜੀਤ ਦੋਸਾਂਝ ਨੇ ਮੈਲਬੌਰਨ 'ਚ ਔਰਾ ਸ਼ੋਅ ਦੇ ਦੌਰਾਨ ਸਟੇਜ ਤੋਂ ਕਿਹਾ ਕਿ ਜਿੱਥੇ ਪੰਜਾਬੀ ਰਲ ਕੇ ਬੈਠ ਗਏ ਉੱਥੇ ਪੰਜਾਬ ਬਣ ਗਿਆ। ਅੱਜ ਸਾਡੇ ਲਈ ਇਹ ਆਸਟ੍ਰੇਲੀਆ ਨਹੀਂ ਸਾਡੇ ਲਈ ਇਹ ਪੰਜਾਬ ਹੈ ਅਤੇ ਦੁਨੀਆਂ ਦਾ ਹਰ ਕੋਨਾ ਪੰਜਾਬੀ ਨਾਲ ਗੂੰਜੂਗਾ ਕਿਉਂਕਿ ਦੁਨੀਆਂ ਦੇ ਹਰ ਕੋਨੇ 'ਚ ਪੰਜਾਬੀ ਬੈਠੇ ਨੇ। 'ਤੇ ਅਸੀਂ ਵੀ ਪੂਰਾ ਜ਼ੋਰ ਲਾਵਾਂਗੇ ਤੇ ਦੁਨੀਆਂ ਦੀ ਵੱਡੀ ਤੋਂ ਵੱਡੀ ਸਟੇਜ ਤੋਂ ਪੰਜਾਬੀ ਬੋਲੀ ਜਾਊਗੀ, ਪੰਜਾਬੀ ਬੋਲੀ ਦੀਆਂ ਗੱਲਾਂ ਹੋਣਗੀਆਂ, 'ਤੇ ਅਸੀਂ ਵੀ ਪੂਰਾ ਜ਼ੋਰ ਲਾਵਾਂਗੇ, ਰੋਕ ਨੀ ਸਕਦਾ ਕੋਈ ਮਈ ਦਾ ਲਾਲ ਸਾਨੂੰ।

# ਪਟਿਆਲਾ 'ਚ ਕੋਹਲੀ ਢਾਬੇ 'ਤੇ ਕੰਮ ਕਰਨ ਵਾਲੇ ਨੌਜਵਾਨ ਦੀ ਤੇਜ਼ਧਾਰ ਹਥਿਆਰ ਨਾਲ ਕੀਤੀ ਹੱਤਿਆ

## ਅਣਪਛਾਤੇ ਵਿਅਕਤੀ ਵੱਲੋਂ ਸੰਤੋਸ਼ ਯਾਦਵ 'ਤੇ ਕੀਤਾ ਗਿਆ ਸੀ ਹਮਲਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 02 ਨਵੰਬਰ INTERNATIONAL PAPER, 94636 01616 hardipchumber57@gmail.com

ਪਟਿਆਲਾ : ਪਟਿਆਲਾ ਸ਼ਹਿਰ ਦੇ ਪੋਲੋ ਗਰਾਊਂਡ ਦੇ ਸਾਹਮਣੇ ਸਥਿਤ ਕੋਹਲੀ ਢਾਬੇ ਦੇ ਬਾਹਰ ਉਸ ਸਮੇਂ ਸਨਸਨੀ ਫੈਲ ਗਈ ਜਦੋਂ ਇੱਕ ਨੌਜਵਾਨ ਦੀ ਤੇਜ਼ਧਾਰ ਹਥਿਆਰ ਨਾਲ ਹੱਤਿਆ ਕਰ ਦਿੱਤੀ ਗਈ। ਘਟਨਾ ਦੀ ਜਾਣਕਾਰੀ ਮਿਲਦੇ ਹੀ ਪੁਲਿਸ ਮੌਕੇ 'ਤੇ ਪਹੁੰਚੀ ਅਤੇ ਜਾਂਚ ਸ਼ੁਰੂ ਕਰ ਦਿੱਤੀ।

ਮਿਲੀ ਜਾਣਕਾਰੀ ਅਨੁਸਾਰ ਮ੍ਰਿਤਕ ਦੀ ਪਹਿਚਾਣ ਸੰਤੋਸ਼ ਯਾਦਵ ਵਜੋਂ ਹੋਈ ਹੈ, ਜੋ ਪਿਛਲੇ ਕਾਫ਼ੀ ਸਮੇਂ ਤੋਂ ਕੋਹਲੀ ਢਾਬੇ 'ਤੇ ਕੰਮ ਕਰ ਰਿਹਾ ਸੀ। ਘਟਨਾ ਮੌਕੇ ਮੌਜੂਦ ਪ੍ਰਤੱਖਦਰਸ਼ੀਆਂ ਅਨੁਸਾਰ ਕਿਸੇ ਅਣਪਛਾਤੇ ਵਿਅਕਤੀ ਨੇ ਅਚਾਨਕ ਸੰਤੋਸ਼ 'ਤੇ ਹਮਲਾ ਕਰ ਦਿੱਤਾ ਅਤੇ ਉਹ ਤੇਜ਼ਧਾਰ ਹਥਿਆਰ ਨਾਲ ਹਮਲਾ ਕਰਕੇ ਮੌਕੇ ਤੋਂ ਫਰਾਰ ਹੋ ਗਿਆ।

ਪੁਲਿਸ ਨੇ ਦੱਸਿਆ ਕਿ ਹੱਤਿਆ ਦੇ ਕਾਰਨਾਂ ਬਾਰੇ ਅਜੇ ਪਤਾ ਨਹੀਂ ਚਲ ਸਕਿਆ। ਪੁਲਿਸ ਵੱਲੋਂ ਆਸੇ-ਪਾਸੇ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਨੂੰ ਖੰਗਾਲਿਆ ਜਾ ਰਿਹਾ ਹੈ ਤਾਂ ਜੋ ਆਰੋਪੀਆਂ ਦੀ ਪਛਾਣ ਕੀਤੀ ਜਾ ਸਕੇ। ਘਟਨਾ ਤੋਂ ਬਾਅਦ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਹੈ। ਪੁਲਿਸ ਨੇ ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਹੈ ਅਤੇ ਮਾਮਲੇ ਦੀ ਗਹਿਰਾਈ ਨਾਲ ਜਾਂਚ ਜਾਰੀ



ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਜਲਦੀ ਹੀ ਆਰੋਪੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਪੰਜਾਬ ਵਿੱਚ ਅਖ਼ਬਾਰਾਂ ਲਿਜਾ ਰਹੀਆਂ ਗੱਡੀਆਂ ਦੀ ਚੈਕਿੰਗ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 02 ਨਵੰਬਰ INTERNATIONAL PAPER, 94636 01616 hardipchumber57@gmail.com

ਪੰਜਾਬ ਪੁਲਿਸ ਨੇ 1 ਅਤੇ 2 ਨਵੰਬਰ, 2025 ਦੀ ਦਰਮਿਆਨੀ ਰਾਤ ਨੂੰ ਵਿਸ਼ੇਸ਼ ਖੁਫੀਆ ਇਤਲਾਹ ਦੇ ਆਧਾਰ 'ਤੇ ਰਾਜ ਦੇ ਵੱਖ-ਵੱਖ ਹਿੱਸਿਆਂ ਵਿੱਚ ਸਮਾਨ ਨੂੰ ਢੋਆ-ਢੁਆਈ ਵਾਲੇ ਵਾਹਨਾਂ, ਖਾਸ ਕਰਕੇ ਵਪਾਰਕ ਵਾਹਨਾਂ ਦੀ ਚੈਕਿੰਗ ਕੀਤੀ।

ਪੰਜਾਬ ਪੁਲਿਸ ਦੇ ਬੁਲਾਰੇ ਨੇ ਅੱਜ ਇੱਥੇ ਦੱਸਿਆ ਕਿ ਰਾਜ ਦੀਆਂ ਚੋਣਵੀਆਂ ਥਾਵਾਂ 'ਤੇ ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ ਵਾਹਨਾਂ ਦੀ ਚੈਕਿੰਗ ਕੀਤੀ ਗਈ ਤਾਂ ਜੋ ਆਮ ਲੋਕਾਂ ਲਈ ਬਿਨਾਂ ਕਿਸੇ ਅਸੁਵਿਧਾ ਤੋਂ ਸੁਚਾਰੂ ਢੰਗ ਨਾਲ ਵਾਹਨਾਂ ਦੀ ਜਾਂਚ ਯਕੀਨੀ ਬਣਾਈ ਜਾ ਸਕੇ।



ਬੁਲਾਰੇ ਨੇ ਅੱਗੇ ਕਿਹਾ ਕਿ ਪੰਜਾਬ ਸਰਹੱਦੀ ਸੂਬਾ ਹੋਣ ਕਰਕੇ ਪਾਕਿਸਤਾਨ ਦੀ ਏਜੰਸੀ ਆਈ.ਐਸ.ਆਈ. ਵੱਲੋਂ ਡਰੋਨਾਂ ਰਾਹੀਂ ਅੰਤਰਰਾਸ਼ਟਰੀ ਸਰਹੱਦ ਤੋਂ ਨਸ਼ੀਲੇ ਪਦਾਰਥ, ਹਥਿਆਰ ਅਤੇ ਵਿਸਫੋਟਕਾਂ ਦੀ ਤਸਕਰੀ ਕਰਨ ਅਤੇ ਵਾਹਨਾਂ ਰਾਹੀਂ ਅੱਗੇ ਪਹੁੰਚਾ ਕੇ ਭਾਰਤ ਨਾਲ ਪ੍ਰੌਕਸੀ ਯੁੱਧ ਛੇੜਨ ਦੇ ਮਨਸੂਬਿਆਂ ਦਾ, ਸਾਹਮਣਾ ਕਰ ਰਿਹਾ ਹੈ। ਦੇਸ਼ ਵਿਰੋਧੀ ਤਾਕਤਾਂ ਨੇ ਭਾਰਤ ਵਿੱਚ ਉਥਲ-ਪੁਥਲ ਫੈਲਾਉਣ ਲਈ ਨਵੇਂ ਢੰਗ-ਤਰੀਕੇ ਈਜਾਦ ਕਰ ਲਏ ਹਨ ਅਤੇ ਆਪ੍ਰੇਸ਼ਨ "ਸਿੰਦੂਰ" ਤੋਂ ਬਾਅਦ ਉਨ੍ਹਾਂ ਦੀਆਂ ਗਤੀਵਿਧੀਆਂ ਵਿੱਚ ਤੇਜ਼ੀ ਆਈ ਹੈ।

ਪੰਜਾਬ ਪੁਲਿਸ ਦੇ ਬੁਲਾਰੇ ਨੇ ਕਿਹਾ ਕਿ ਸੂਬੇ ਦੀ ਪੁਲਿਸ, ਇੱਥੋਂ ਦੇ ਨਾਗਰਿਕਾਂ ਅਤੇ ਆਪਣੇ ਫਰਜ਼ਾਂ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਹੈ ਅਤੇ ਭਲੀਭਾਂਤ ਜਾਣਦੀ ਹੈ ਕਿ ਆਮ ਸੁਰੱਖਿਆ ਉਪਾਅ ਇਸ ਤਰੀਕੇ ਨਾਲ ਕੀਤੇ ਜਾਣੇ ਚਾਹੀਦੇ ਹਨ ਜਿਸ ਨਾਲ ਲੋਕਾਂ ਨੂੰ ਘੱਟ ਤੋਂ ਘੱਟ ਅਸੁਵਿਧਾ ਹੋਵੇ। ਪ੍ਰਾਪਤ ਰਿਪੋਰਟਾਂ ਮੁਤਾਬਿਕ ਰਾਜ ਦੇ ਕਈ ਹਿੱਸਿਆਂ ਵਿੱਚ ਅਖ਼ਬਾਰਾਂ ਲਿਜਾਣ ਵਾਲੇ ਵਾਹਨਾਂ ਦੀ ਜਾਂਚ ਦੇ ਚਲਦਿਆਂ ਅਖ਼ਬਾਰਾਂ ਦੀ ਡਿਲਿਵਰੀ ਵਿੱਚ ਦੇਰੀ ਹੋਈ ਹੈ।

ਪੰਜਾਬ ਪੁਲਿਸ ਵੱਲੋਂ ਪੂਰੀ ਸੁਹਿਰਦਤਾ ਨਾਲ ਇਹ ਯਕੀਨੀ ਬਣਾਇਆ ਜਾਵੇਗਾ ਕਿ ਸੁਰੱਖਿਆ ਜਾਂਚ ਦੌਰਾਨ, ਖਾਸ ਕਰਕੇ ਵਾਹਨਾਂ ਦੀ ਚੈਕਿੰਗ ਦੌਰਾਨ ਆਮ ਲੋਕਾਂ ਨੂੰ ਘੱਟੋ-ਘੱਟ ਅਸੁਵਿਧਾ ਹੋਵੇ। ਇਸ ਦੇ ਨਾਲ ਹੀ, ਸੁਰੱਖਿਆ ਦੇ ਮੌਜੂਦਾ ਹਾਲਾਤਾਂ ਨੂੰ ਦੇਖਦਿਆਂ ਪੰਜਾਬ ਵਿੱਚ ਇੱਕ ਸਰਗਰਮ ਅਤੇ ਅੰਦਰੂਨੀ ਸੁਰੱਖਿਆ ਗਰਿੱਡ ਦੀ ਲੋੜ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ।

# ਸਰਕਾਰੀ ਹਾਈ ਸਮਾਰਟ ਸਕੂਲ ਅੱਪਰਾ ਵਿਖੇ ਵੱਖ-ਵੱਖ ਵਿਸ਼ਿਆਂ ਦੇ ਮੇਲਿਆਂ ਦਾ ਆਯੋਜਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 02 ਨਵੰਬਰ INTERNATIONAL PAPER, 94636 01616 hardipchumber57@gmail.com

ਫਿਲੌਰ/ਅੱਪਰਾ, 2 ਨਵੰਬਰ (ਦੀਪਾ)-ਅੱਜ ਸਰਕਾਰੀ ਹਾਈ ਸਮਾਰਟ ਸਕੂਲ ਅੱਪਰਾ ਵਿਖੇ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਗਣਿਤ ਸਾਇੰਸ ਅੰਗਰੇਜੀ ਸਮਾਜਿਕ ਵਿਗਿਆਨ ਦੇ ਮੇਲਿਆਂ ਦਾ ਆਯੋਜਨ ਸਕੂਲ ਮੁਖੀ ਜਸਪਾਲ ਸੰਧੂ ਦੀ ਅਗਵਾਈ ਵਿੱਚ ਕੀਤਾ ਗਿਆ। ਇਹਨਾਂ ਮੇਲਿਆਂ ਦਾ ਉਦਘਾਟਨ ਮੁੱਖ ਮਹਿਮਾਨ ਜਗਮੇਲ ਸਿੰਘ



ਸੰਧੂ (ਜਰਮਨ) ਵਿਨੈ ਕੁਮਾਰ ਬੰਗੜ ( ਸਰਪੰਚ ਅੱਪਰਾ) ਅਤੇ ਸੋਹਣ ਸਿੰਘ ਸਹੋਤਾ (ਅੱਪਰਾ ਸਵੀਟਸ ਸ਼ਾਪ) ਨੇ ਰੀਬਨ ਕੱਟ ਕੇ ਸਾਂਝੇ ਤੌਰ ਤੇ ਕੀਤਾ। ਵਿਦਿਆਰਥੀਆਂ ਨੇ ਵਿਸ਼ਾ ਮਾਹਰ ਅਧਿਆਪਕਾਂ ਦੀ ਸਹਾਇਤਾ ਨਾਲ ਆਪਣੇ ਵਿਸ਼ੇ ਨਾਲ ਸੰਬੰਧਿਤ ਵੱਖ-ਵੱਖ ਚਾਰਟ ਮਾਡਲ ਅਤੇ ਹੋਰ ਕਲਾ ਕਿਰਤਾਂ ਬਣਾ ਕੇ ਪ੍ਰਦਰਸ਼ਨ ਲਗਾਈ। ਆਏ ਹੋਏ ਸਾਰੇ ਮਹਿਮਾਨਾਂ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੁਆਰਾ ਲਗਾਈ ਗਈ ਪ੍ਰਦਰਸ਼ਨੀ ਦੀ ਖੂਬ ਸ਼ਲਾਘਾ ਕੀਤੀ। ਸਕੂਲ ਮੁਖੀ ਅਤੇ ਆਏ ਆਏ ਹੋਏ ਮਹਿਮਾਨਾਂ ਨੇ ਇਹੋ ਜਿਹੇ ਅਯੋਜਿਤ ਮੇਲਿਆਂ ਨੂੰ ਬੱਚਿਆਂ ਦੇ ਭਵਿੱਖ ਲਈ ਲਾਹੇਵੰਦ ਦੱਸਿਆ ਅਤੇ ਆਸ ਕੀਤੀ ਹੈ ਕਿ ਇਸ ਨਾਲ ਬੱਚਿਆਂ ਦੀ ਪੜ੍ਹਾਈ ਦਾ ਪੱਧਰ ਉੱਚਾ ਉੱਠੇਗਾ। ਅੱਜ ਦੇ ਸਮਾਰੋਹ ਵਿੱਚ ਰਕੇਸ਼ ਕੁਮਾਰ ਬੱਬੂ ਆਸਟਰੇਲੀਆ, ਬੀਬੀ ਰਣਜੀਤ ਕੌਰ (ਜਰਮਨ) ਮੋਹਣ ਲਾਲ ਮੈਂਬਰ ਪੰਚਾਇਤ, ਕਮਲ ਕੁਮਾਰ, ਡਾਕਟਰ ਸੋਮਨਾਥ, ਸੁਭਾਸ਼ (ਅੱਪਰਾ), ਤਜਿੰਦਰ ਕੁਮਾਰ ਲਾਲੀ ਅੱਪਰਾ, ਮਨਦੀਪ ਸਿੰਘ, ਸ਼ਰਨਜੀਤ ਸਿੰਘ, ਅਰਵਿੰਦਰ ਸਿੰਘ, ਨੀਰੂ ਬਾਲਾ, ਨੈਨਸੀ ਰਾਣੀ, ਹਰਜੀਤ ਸਿੰਘ, ਪ੍ਰੇਮਿਲਾ ਦੇਵੀ, ਬਲਜੀਤ ਕੌਰ ਅਤੇ ਗੁਰਨਾਮ ਸਿੰਘ ਹਾਜ਼ਰ ਸਨ।

# ਰਾਜ ਬਿਜਲੀ ਵੰਡ ਕੰਪਨੀਆਂ ਨੁਕਸਾਨ ਨੂੰ ਘਟਾਉਣ ਜਾਂ ਨਿੱਜੀਕਰਨ ਕਰਨ: ਬਿਜਲੀ ਮੰਤਰਾਲਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 02 ਨਵੰਬਰ INTERNATIONAL PAPER, 94636 01616 hardipchumber57@gmail.com

ਆਲ ਇੰਡੀਆ ਪਾਵਰ ਇੰਜੀਨੀਅਰਜ਼ ਫੈਡਰੇਸ਼ਨ ਦੇ ਮੀਡੀਆ ਸਲਾਹਕਾਰ ਵੀ ਕੇ ਗੁਪਤਾ ਨੇ ਦੱਸਿਆ ਕਿ ਇਨ੍ਹਾਂ ਚੇਤਾਵਨੀਆਂ ਪਿੱਛੇ ਮੁੱਖ ਕਾਰਨ ਡਿਸਕੌਮਜ਼ ਦਾ ਵਧਦਾ ਘਾਟਾ ਅਤੇ ਕਰਜ਼ਾ ਹੈ। ਉਨ੍ਹਾਂ ਕਿਹਾ ਕਿ 'ਸਸਤੀਆਂ ਦਰਾਂ 'ਤੇ ਬਿਜਲੀ ਪ੍ਰਦਾਨ ਕਰਨ ਲਈ ਰਾਜਨੀਤਿਕ ਦਬਾਅ ਅਤੇ ਸਮੇਂ ਸਿਰ ਸਰਕਾਰੀ ਬਕਾਏ ਦਾ ਭੁਗਤਾਨ ਕਰਨ ਵਿੱਚ ਅਸਫਲਤਾ ਵਰਗੀਆਂ ਸਮੱਸਿਆਵਾਂ ਕਾਰਨ ਡਿਸਕੌਮਜ਼ ਦਾ ਕੁੱਲ ਸੰਚਿਤ ਘਾਟਾ ਵਧਿਆ ਹੈ।'

ਇਹ ਸਲਾਹ ਕੇਂਦਰ ਸਰਕਾਰ ਦੀ ਡਿਸਕੌਮ ਕੰਪਨੀਆਂ ਵਿੱਚ ਸੁਧਾਰ ਕਰਨ ਅਤੇ ਨਿੱਜੀ ਭਾਗੀਦਾਰੀ ਨੂੰ ਉਤਸ਼ਾਹਿਤ ਕਰਨ ਦੀ ਵਿਆਪਕ ਯੋਜਨਾ ਦਾ ਹਿੱਸਾ ਹੈ। ਪੰਜਾਬ ਵਰਗੇ ਰਾਜਾਂ ਵਿੱਚ ਜਿੱਥੇ ਖੇਤੀਬਾੜੀ ਖੇਤਰ ਅਤੇ ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਪਰਿਵਾਰਾਂ ਵਿੱਚ ਮੁਫ਼ਤ ਬਿਜਲੀ ਆਮ ਹੈ, ਅਜਿਹੇ ਉਪਾਵਾਂ ਦੇ ਨਤੀਜੇ ਨਿਕਲਣੇ ਤੈਅ ਹਨ।

ਦੇਸ਼ ਵਿੱਚ ਸਬਸਿਡੀ ਮੁਕਤ ਬਿਜਲੀ ਸਪਲਾਈ ਅਤੇ ਪਾਵਰ ਸਪਲਾਈ ਨਾਲ ਸਬੰਧਤ ਸਖ਼ਤ ਦਿਸ਼ਾ-ਨਿਰਦੇਸ਼ਾਂ ਦਾ ਰਾਹ ਪੱਧਰਾ ਕਰਦੇ ਹੋਏ, ਬਿਜਲੀ ਮੰਤਰਾਲੇ ਨੇ ਛੇ ਰਾਜਾਂ ਵਿੱਚ ਡਿਸਟ੍ਰੀਬਿਊਸ਼ਨ ਕੰਪਨੀਆਂ (Discoms) ਨੂੰ ਚੇਤਾਵਨੀ ਦਿੱਤੀ ਹੈ ਕਿ ਉਹ 'ਨਿੱਜੀਕਰਨ' ਅਪਣਾਉਣ ਜਾਂ ਆਪਣਾ ਨੁਕਸਾਨ ਘਟਾਉਣ ਨੂੰ ਯਕੀਨੀ ਬਣਾਉਣ"। ਰਾਜਾਂ ਨੂੰ ਚੇਤਾਵਨੀ ਦਿੱਤੀ ਗਈ ਹੈ ਕਿ ਜੇਕਰ ਉਹ ਸੁਧਾਰ ਉਪਾਵਾਂ ਦੀ ਪਾਲਣਾ ਨਹੀਂ ਕਰਦੇ ਹਨ ਤਾਂ ਕੇਂਦਰੀ ਵਿੱਤੀ ਗ੍ਰਾਂਟਾਂ ਨੂੰ ਰੋਕ ਦਿੱਤਾ ਜਾਵੇਗਾ।

ਉੱਤਰ ਪ੍ਰਦੇਸ਼, ਆਂਧਰਾ ਪ੍ਰਦੇਸ਼, ਮੱਧ ਪ੍ਰਦੇਸ਼, ਮਹਾਰਾਸ਼ਟਰ, ਰਾਜਸਥਾਨ ਅਤੇ ਤਾਮਿਲਨਾਡੂ ਰਾਜਾਂ ਨੂੰ 10 ਅਕਤੂਬਰ ਨੂੰ ਹੋਈ ਇੱਕ ਮੀਟਿੰਗ ਵਿੱਚ ਦੱਸਿਆ ਗਿਆ ਸੀ ਕਿ ਜੇਕਰ ਉਹ ਆਪਣੇ ਨੁਕਸਾਨ ਨੂੰ ਘਟਾਉਣ ਅਤੇ ਕੁਸ਼ਲਤਾ ਵਿੱਚ ਸੁਧਾਰ ਲਈ ਨਿੱਜੀਕਰਨ ਜਾਂ ਹੋਰ ਸੁਧਾਰ ਉਪਾਅ ਨਹੀਂ ਅਪਣਾਉਂਦੇ ਹਨ ਤਾਂ ਉਨ੍ਹਾਂ ਨੂੰ ਕੇਂਦਰ ਸਰਕਾਰ ਤੋਂ ਵਿੱਤੀ ਸਹਾਇਤਾ ਨਹੀਂ ਮਿਲੇਗੀ।

ਜਾਣਕਾਰੀ ਅਨੁਸਾਰ ਇਨ੍ਹਾਂ ਰਾਜਾਂ ਨੂੰ ਤਿੰਨ ਵਿਕਲਪ ਦਿੱਤੇ ਗਏ ਹਨ। ਪਹਿਲਾ ਵਿਕਲਪ ਡਿਸਕੌਮਜ਼ ਦੀ 51% ਇਕੁਇਟੀ ਪ੍ਰਾਈਵੇਟ ਫਰਮਾਂ ਨੂੰ ਵੇਚਣਾ ਜਿਸ ਦਾ ਕਰਜ਼ਾ ਸਰਕਾਰ ਚੁੱਕੇਗੀ। ਦੂਜਾ ਵਿਕਲਪ 26% ਹਿੱਸੇਦਾਰੀ ਪੂਰੇ ਪ੍ਰਬੰਧਨ ਨਿਯੰਤਰਣ ਵਾਲੀ ਪ੍ਰਾਈਵੇਟ ਕੰਪਨੀ ਨੂੰ ਵੇਚਣਾ ਅਤੇ ਤੀਜਾ ਤੇ ਆਖਰੀ ਕੇਂਦਰ ਤੋਂ ਵਿੱਤੀ ਸਹਾਇਤਾ ਪ੍ਰਾਪਤ ਕਰਨ ਲਈ ਡਿਸਕੌਮਜ਼ ਨੂੰ ਘੱਟੋ-ਘੱਟ 'ਏ' ਰੇਟਿੰਗ ਨਾਲ ਸਟਾਕ ਐਕਸਚੇਂਜ 'ਤੇ ਸੂਚੀਬੱਧ ਕਰਨਾ ਸ਼ਾਮਲ ਹੈ।

ਏਆਈਪੀਈਐਫ ਦੇ ਚੇਅਰਮੈਨ ਸ਼ੈਲੇਂਦਰ ਦੂਬੇ ਨੇ ਕਿਹਾ ਕਿ ਇਹ ਕਦਮ ਸਿਰਫ਼ ਰਾਜ ਡਿਸਕੌਮਜ਼ ਨੂੰ ਬਲੈਕਮੇਲ ਕਰ ਰਿਹਾ ਹੈ ਅਤੇ ਏਆਈਪੀਈਐਫ ਅਜਿਹੀਆਂ ਸਾਰੀਆਂ ਤਜਵੀਜ਼ਾਂ ਦਾ ਸਖ਼ਤ ਵਿਰੋਧ ਕਰੇਗੀ। ਫੈਡਰੇਸ਼ਨ ਨੇ ਮੀਟਿੰਗ ਵਿੱਚ ਆਲ ਇੰਡੀਆ ਡਿਸਕੌਮ ਐਸੋਸੀਏਸ਼ਨ (ਏਆਈਡੀਏ) ਦੀ ਭਾਗੀਦਾਰੀ 'ਤੇ ਵੀ ਇਤਰਾਜ਼ ਜਤਾਇਆ, ਦੋਸ਼ ਲਗਾਇਆ ਕਿ ਇਹ ਨਿੱਜੀ ਸੰਸਥਾਵਾਂ ਅਤੇ ਸਰਕਾਰ ਵਿਚਕਾਰ ਇੱਕ ਰਸਤੇ ਵਜੋਂ ਕੰਮ ਕਰਦਾ ਹੈ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਬਲਾਕ ਇਕਾਈ ਮਾਨਸਾ ਦੀ ਮਹੀਨਾਵਾਰ ਹੋਈ ਮੀਟਿੰਗ,,,

## ਸਰਕਾਰ ਅਣਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਾਂ ਨਾਲ ਕੀਤਾ ਵਾਅਦਾ ਕਰੇ ਪੂਰਾ- ਗੋਇਲ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 02 ਨਵੰਬਰ INTERNATIONAL PAPER, 94636 01616 hardipchumber57@gmail.com

ਮਾਨਸਾ 2 ਨਵੰਬਰ ( ਆਤਮਾ ਸਿੰਘ ਪਮਾਰ ) ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿ. 295 ਜ਼ਿਲ੍ਹਾ ਮਾਨਸਾ ਬਲਾਕ ਇਕਾਈ ਮਾਨਸਾ ਦੀ ਮੀਟਿੰਗ ਪ੍ਰਧਾਨ ਡਾ. ਗੁਰਪ੍ਰੀਤ ਸਿੰਘ ਭੈਣੀ ਬਾਘਾ ਦੀ ਪ੍ਰਧਾਨਗੀ ਹੇਠ ਹੋਈ । ਮੀਟਿੰਗ 'ਚ ਐਸੋਸੀਏਸ਼ਨ ਦੇ ਸੂਬਾਈ ਪ੍ਰਧਾਨ ਵੈਦ ਧੰਨਾ ਮੱਲ ਗੋਇਲ ਅਤੇ ਜ਼ਿਲ੍ਹਾ ਸਕੱਤਰ ਡਾ. ਸਿਮਰਜੀਤ ਸਿੰਘ ਗਾਗੋਵਾਲ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਮੀਟਿੰਗ ਦੀ ਸ਼ੁਰੂਆਤ ਕਰਦਿਆਂ ਹਾਜ਼ਰੀਨ ਦਾ ਸਵਾਗਤ ਕੀਤਾ ਗਿਆ। ਹਾਜ਼ਰ ਆਗੂਆਂ ਅਤੇ ਸਰਗਰਮ ਕਾਰਕੁੰਨਾ ਵੱਲੋਂ ਮੌਜੂਦਾ ਹਾਲਤਾਂ ਬਾਰੇ ਵਿਚਾਰ ਵਟਾਂਦਰਾ ਕਰਦਿਆਂ ਚੋਰੀਆਂ ਲੁੱਟਾਂ ਖੋਹਾਂ ਅਤੇ ਗੈਂਗਸਟਰਾਂ ਵੱਲੋਂ ਕੀਤੀਆਂ ਜਾ ਰਹੀਆਂ ਵਾਰਦਾਤਾਂ ਦੀ ਨਿੰਦਾ ਕੀਤੀ। ਇਸ ਤੋਂ ਇਲਾਵਾ ਪ੍ਰੈਕਟਿਸ ਸਬੰਧੀ ਆ ਰਹੀਆਂ ਮੁਸ਼ਕਿਲਾਂ ਦਾ ਜ਼ਿਕਰ ਕਰਦਿਆਂ ਆਗੂਆਂ ਨੇ ਆਪਣੇ ਵਿਚਾਰ



ਸਾਂਝੇ ਕੀਤੇ ਅਤੇ ਐਸੋਸੀਏਸ਼ਨ ਦੇ ਬੈਜ ਅਤੇ ਮੈਂਬਰਸ਼ਿਪ ਸਰਟੀਫਿਕੇਟ ਵੀ ਵੰਡੇ ਗਏ । ਜਥੇਬੰਦਕ ਸਿੱਖਿਆ, ਭਰਾਤਰੀ ਸਾਂਝ ਅਤੇ ਅਣਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਾਂ ਦੀ ਮਾਨਤਾ ਸਬੰਧੀ ਸੂਬਾਈ ਫੈਸਲੇ ਅਨੁਸਾਰ ਜਥੇਬੰਦਕ ਕਨਵੈਨਸ਼ਨਾਂ ਦਾ ਸਿਲਸਿਲਾ ਬਾਦਸਤੂਰ ਜ਼ਾਰੀ ਹੈ। 30 ਅਕਤੂਬਰ ਨੂੰ ਜ਼ਿਲ੍ਹਾ ਤਰਨਤਾਰਨ ਵਿਖੇ ਇੱਕ ਪ੍ਰਭਾਵਸ਼ਾਲੀ ਜ਼ਿਲ੍ਹਾ ਪੱਧਰੀ ਸੱਤਵੀਂ ਕਨਵੈਨਸ਼ਨ ਕੀਤੀ ਗਈ ਜਿਸ ਵਿੱਚ ਤਰਨਤਾਰਨ ਵਿਖੇ ਹੋ ਰਹੀ ਵਿਧਾਨ ਸਭਾ ਦੀ ਜ਼ਿਮਨੀ ਚੋਣ ਲੜ ਰਹੇ ਰਵਾਇਤੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਅਣਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਟਰੇਨਿੰਗ ਦੇਕੇ ਮਾਨਤਾ ਦੇਣ ਅਤੇ ਜਨਤਾ ਨਾਲ ਕੀਤੇ ਵਾਅਦਿਆਂ ਸਬੰਧੀ ਸਵਾਲ ਕੀਤੇ ਗਏ ਪ੍ਰੰਤੂ ਕਿਸੇ ਵੀ ਉਮੀਦਵਾਰ ਵੱਲੋਂ ਕੋਈ ਹੁੰਗਾਰਾ ਨਹੀਂ ਮਿਲਿਆ।

ਸਤਾਧਿਰ ਵੱਲੋਂ ਵਿਧਾਨ ਸਭਾ ਚੋਣਾਂ ਸਮੇਂ ਅਤੇ ਸੂਬਾਈ ਵਫ਼ਦ ਨਾਲ ਪੈਨਲ ਮੀਟਿੰਗ ਵਿੱਚ ਵਿਚਾਰ ਵਟਾਂਦਰੇ ਬਾਅਦ ਸ਼ਾਰਟ ਟਰਮ ਟ੍ਰੇਨਿੰਗ ਕਰਵਾ ਕੇ ਮਾਨਤਾ ਦੇਣ ਦੇ ਕੀਤੇ ਵਾਅਦੇ ਨੂੰ ਕਾਨੂੰਨੀ ਅੜ੍ਹਚਨਾਂ ਦਾ ਹਵਾਲਾ ਦੇ ਕੇ ਲਟਕਾਇਆ ਜਾ ਰਿਹਾ ਹੈ ਜੋ ਕਿ ਸਹਿਣਯੋਗ ਨਹੀਂ ਹੈ ਇਸ ਲਈ ਮੈਡੀਕਲ ਪ੍ਰੈਕਟੀਸ਼ਨਰਾਂ ਵਿੱਚ ਸਰਕਾਰ ਦੇ ਇਸ ਰਵਈਏ ਪ੍ਰਤੀ ਭਾਰੀ ਰੋਹ ਪਾਇਆ ਜਾ ਰਿਹਾ ਹੈ। ਜੇਕਰ ਕੀਤੇ ਵਾਅਦੇ ਅਨੁਸਾਰ ਟ੍ਰੇਨਿੰਗ ਦੇ ਕੇ ਮਾਨਤਾ ਦੇਣ ਦਾ ਕੀਤਾ ਵਾਅਦਾ ਜਲਦੀ ਪੂਰਾ ਨਾ ਕੀਤਾ ਤਾਂ ਹੋ ਰਹੀ ਜ਼ਿਮਨੀ ਚੋਣ ਅਤੇ 2027 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਖਮਿਆਜ਼ਾ ਭੁਗਤਣ ਲਈ ਤਿਆਰ ਰਹੇ। ਸੂਬਾਈ ਆਗੂਆਂ ਵੱਲੋਂ ਮੈਂਬਰ ਸਾਥੀਆਂ ਨੂੰ ਸਾਫ਼ ਸੁਥਰੀ ਪ੍ਰੈਕਟਿਸ ਅਤੇ ਨਸ਼ਿਆਂ ਅਤੇ ਭਰੂਣ ਹੱਤਿਆ ਵਰਗੀਆਂ ਸਮਾਜਿਕ ਅਲਾਮਤਾਂ ਖਿਲਾਫ ਭਰਾਤਰੀ ਸੰਸਥਾਵਾਂ ਨਾਲ ਮਿਲ ਕੇ ਉਪਰਾਲੇ ਕਰਨ ਸਬੰਧੀ ਵੀ ਸੁਚੇਤ ਕੀਤਾ ਗਿਆ। ਡਾ. ਨਿਰਮਲ ਸਿੰਘ ਰਾਏਪੁਰ , ਡਾ. ਕੁਲਦੀਪ ਸਿੰਘ ਖਿਆਲਾ , ਡਾ. ਬੂਟਾ ਸਿੰਘ ਅਤੇ ਡਾ.ਰਨਵੀਰ ਸਿੰਘ ਨੂੰ ਸਰਬਸੰਮਤੀ ਨਾਲ ਕਾਰਜਕਾਰਨੀ ਕਮੇਟੀ ਲਈ ਨਿਯੁਕਤ ਕੀਤਾ ਗਿਆ। ਇਸ ਸਮੇਂ ਸਕੱਤਰ ਡਾ.ਰਣਬੀਰ ਸਿੰਘ, ਚੇਅਰਮੈਨ ਵੈਦ ਗੁਰਨਾਮ ਸਿੰਘ ਕੋਟੜਾ, ਕੈਸ਼ੀਅਰ ਵੈਦ ਅਮਰੀਕ ਸਿੰਘ, ਸੀਨੀਅਰ ਵਾਇਸ ਪ੍ਰਧਾਨ ਡਾ.ਅਜਮੇਰ ਸਿੰਘ ਅਤੇ ਡਾ.ਮਨੋਜ ਖਿਆਲਾ , ਮੁੱਖ ਸਲਾਹਕਾਰ ਡਾ.ਸੁਧੀਰ ਚਿਲਾਣਾ , ਡਾ. ਗੁਰਮੇਲ ਸਿੰਘ, ਡਾ. ਜਗਸੀਰ ਸਿੰਘ, ਡਾ.ਸਿੰਗਾਰਾ ਸਿੰਘ,, ਆਦਿ ਸਾਥੀਆਂ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਪ੍ਰੈਸ ਸਕੱਤਰ ਡਾ. ਗੁਰਪ੍ਰੀਤ ਕੋਟ ਵੱਲੋਂ ਬਾਖੂਬੀ ਨਿਭਾਈ ਗਈ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 02 ਨਵੰਬਰ
INTERNATIONAL PAPER, 9463601616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

ਬਾਬਾ ਸਾਹਿਬ ਕਹਿੰਦੇ ਹਨ

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੇ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

## ਮੈਂ ਤੁਹਾਨੂੰ ਦੱਸਦਾ ਹਾਂ ਕਿ ਮੈਂ ਗਾਂਧੀ ਨੂੰ ਗੱਦਾਰ ਕਿਉਂ ਕਹਿੰਦਾ ਹਾਂ।

* ਚਿੱਤਰ: 6 ਨਵੰਬਰ, 1938

ਜਿਵੇਂ ਹੀ ਉਨ੍ਹਾਂ ਨੂੰ ਪਤਾ ਲੱਗਾ ਕਿ ਡਾਕਟਰ ਬਾਬਾ ਸਾਹਿਬ ਅੰਬੇਡਕਰ ਅਹਿਮਦਾਬਾਦ ਆਉਣਗੇ, ਅਹਿਮਦਾਬਾਦ ਦੇ ਕੁਝ ਕਾਂਗਰਸੀ ਆਗੂ ਬੇਚੈਨੀ ਮਹਿਸੂਸ ਕਰਨ ਲੱਗੇ। ਉਸ ਦੀ ਆਮਦ ਨੂੰ ਰੋਕਣ ਲਈ ਟੈਲੀਗ੍ਰਾਮ ਅਤੇ ਟੈਲੀਫੋਨ ਰਾਹੀਂ



ਮੁੰਬਈ ਨਾਲ ਲੰਬੀ ਗੱਲਬਾਤ ਹੋਈ ਪਰ ਕੋਈ ਫਾਇਦਾ ਨਹੀਂ ਹੋਇਆ। ਜਿਵੇਂ ਹੀ ਇਹ ਪਤਾ ਲੱਗਾ ਕਿ ਉਹ ਆ ਜਾਵੇਗਾ, ਉਹ ਅਹਿਮਦਾਬਾਦ ਵਿੱਚ ਹੋਵੇਗਾ। ਕਾਰ 'ਤੇ ਪਾਬੰਦੀ ਲਗਾਉਣ ਦੀਆਂ ਅਸਫਲ ਕੋਸ਼ਿਸ਼ਾਂ ਵੀ ਹੋਈਆਂ।

22-23 ਅਕਤੂਬਰ 1938 ਨੂੰ ਡਾਕਟਰ ਸਾਹਬ ਦੋ ਦਿਨ ਅਹਿਮਦਾਬਾਦ ਵਿੱਚ ਰਹੇ। ਇਸ ਸਮੇਂ ਦੌਰਾਨ ਉਨ੍ਹਾਂ ਦੇ ਸਨਮਾਨ ਅਤੇ ਭਾਸ਼ਣਾਂ ਦੇ ਘੱਟੋ-ਘੱਟ ਪੰਦਰਾਂ ਪ੍ਰੋਗਰਾਮ ਹੋਏ। ਉਸ ਦੇ ਸਾਰੇ ਪ੍ਰੋਗਰਾਮ ਬੜੇ ਉਤਸ਼ਾਹ ਨਾਲ ਹੁੰਦੇ ਸਨ। ਗੁਜਰਾਤ ਵਰਨਾਕੂਲਰ ਸੋਸਾਇਟੀ ਦੇ ਪ੍ਰੇਮਾਬਾਈ ਹਾਲ ਵਿੱਚ ਇਹ ਸਮਾਗਮ ਮੌਜੂਦਾ ਰਾਜਨੀਤੀ ਦੇ ਮੱਦੇਨਜ਼ਰ ਬਹੁਤ ਮਹੱਤਵਪੂਰਨ ਸੀ। ਉੱਥੇ ਹੀ ਦਲਿਤ ਯੁਥ ਕਲੱਬ ਵੱਲੋਂ ਮਿਲੇ ਸਨਮਾਨ ਪੱਤਰ ਦਾ ਜਵਾਬ ਦਿੰਦੇ ਹੋਏ ਡਾ: ਬਾਬਾ ਸਾਹਿਬ ਨੇ ਪ੍ਰਭਾਵਸ਼ਾਲੀ ਅਤੇ ਜਾਣਕਾਰੀ ਭਰਪੂਰ ਭਾਸ਼ਣ ਦਿੱਤਾ। ਉਸੇ ਦਾ ਕੁਝ ਹਿੱਸਾ ਇੱਥੇ ਦਿੱਤਾ ਜਾ ਰਿਹਾ ਹੈ ਜੋ ਹਰ ਕਿਸੇ ਲਈ ਪੜ੍ਹਨਾ ਬਹੁਤ ਜ਼ਰੂਰੀ ਹੈ।

ਉਹ ਗਾਂਧੀ ਦੇ ਵਿਰੋਧੀ ਹਨ ਅਤੇ ਇਨ੍ਹਾਂ ਦੋਵਾਂ ਦੋਸ਼ਾਂ ਦਾ ਜਵਾਬ ਦਿੰਦੇ ਹੋਏ ਉਨ੍ਹਾਂ ਨੇ ਕਿਹਾ-

ਮੇਰੇ 'ਤੇ ਗਾਂਧੀ ਦਾ ਵਿਰੋਧੀ ਹੋਣ ਦਾ ਦੋਸ਼ ਹੈ। ਮੈਂ ਉਹਨਾਂ ਵਿੱਚ ਭਰੋਸਾ ਨਹੀਂ ਕਰਦਾ। ਇਹ ਸੱਚ ਹੈ. ਮੈਂ ਗਾਂਧੀ ਦਾ ਵਿਰੋਧੀ ਹਾਂ ਅਤੇ ਮੈਂ ਇਹ ਗੱਲ ਗਾਂਧੀ ਦੇ ਗੜ੍ਹ ਗੁਜਰਾਤ ਦੇ ਪਟਨਗਰ ਵਿੱਚ ਤੁਹਾਡੇ ਸਾਰਿਆਂ ਦੇ ਸਾਹਮਣੇ ਜਨਤਕ ਤੌਰ 'ਤੇ ਆਖਦਾ ਹਾਂ। ਮੈਨੂੰ ਇਹ ਕਹਿਣ ਵਿੱਚ ਕੋਈ ਸਮੱਸਿਆ ਨਹੀਂ ਹੈ। ਮੈਂ ਜਾਣਦਾ ਹਾਂ ਕਿ ਗਾਂਧੀ ਵਿਰੁੱਧ ਬੋਲਣਾ ਕੋਈ ਆਸਾਨ ਕੰਮ ਨਹੀਂ ਹੈ। ਅੱਜ ਕਰੋੜਾਂ ਲੋਕ ਉਨ੍ਹਾਂ ਨੂੰ ਅਵਤਾਰ ਪੁਰਸ਼ ਮੰਨਦੇ ਹਨ। ਉਹ ਭਾਰਤ ਦੇ ਇਕਲੌਤੇ ਨੁਮਾਇੰਦੇ ਵਜੋਂ ਦੁਨੀਆ ਦੇ ਸਾਹਮਣੇ ਬੜੇ ਮਾਣ ਨਾਲ ਘੁੰਮ ਰਹੇ ਹਨ। ਲੋਕ ਉਸ ਨੂੰ ਸੰਤ ਅਤੇ ਮਹਾਤਮਾ ਮੰਨਦੇ ਹਨ। ਗਾਂਧੀ ਦੇ ਪੈਰੀਂ ਝੁਕ ਕੇ 'ਜੀ ਹਜ਼ੂਰੀ' ਦਾ ਰਟਨ ਕਰਨ ਦਾ ਕੀ ਫਾਇਦਾ ਹੋਵੇਗਾ ਮੈਂ ਜਾਣਦਾ ਹਾਂ।

ਸੁਭਾਸ਼ ਬੋਸ ਨੂੰ ਹੀ ਦੇਖੋ। 1932 ਵਿੱਚ ਵਿੱਠਲਭਾਈ ਪਟੇਲ ਦਾ ਹੱਥ ਫੜ ਕੇ ਉਨ੍ਹਾਂ ਨੇ ਕੀ ਕਿਹਾ ਸੀ?

ਮੈਨੂੰ ਇਹ ਸੁਣ ਕੇ ਹੈਰਾਨੀ ਹੋਈ ਕਿ ਮਹਾਤਮਾ ਗਾਂਧੀ ਨੇ ਸਿਵਲ ਨਾਫ਼ਰਮਾਨੀ ਅੰਦੋਲਨ ਨੂੰ ਮੁਲਤਵੀ ਕਰ ਦਿੱਤਾ। ਇੱਕ ਝਟਕੇ ਨਾਲ, ਗਾਂਧੀ ਨੇ ਅੱਜ ਤੱਕ ਕੰਮ ਵਿੱਚ ਕੀਤੇ ਕੰਮ ਨੂੰ ਕਾਲਖ ਪੋਚ ਦਿੱਤੀ। ਹਿੰਦੀ ਰਾਸ਼ਟਰ ਨੇ ਪਿਛਲੇ 13 ਸਾਲਾਂ ਵਿੱਚ ਆਪਣੇ ਅੰਦੋਲਨ ਲਈ ਅਤਿਅੰਤ ਸੁਆਰਥ ਅਤੇ ਬਲੀਦਾਨ ਦੁਆਰਾ ਜੋ ਪ੍ਰਸਿੱਧੀ ਅਤੇ ਸਤਿਕਾਰ ਪ੍ਰਾਪਤ ਕੀਤਾ ਸੀ, ਉਹ ਮਹਾਤਮਾ ਗਾਂਧੀ ਦੇ ਇਸ ਅੰਦੋਲਨ ਨੂੰ ਮੁਲਤਵੀ ਕਰਨ ਦੇ ਕੰਮ ਨਾਲ ਤਬਾਹ ਹੋ ਗਈ ਹੈ। ਮੈਨੂੰ ਸਮਝ ਨਹੀਂ ਆਉਂਦੀ ਕਿ ਉਨ੍ਹਾਂ ਨੂੰ ਇਸ ਤਰ੍ਹਾਂ ਅੰਦੋਲਨਾਂ ਨੂੰ ਅੱਧ ਵਿਚਕਾਰ ਮੁਅੱਤਲ ਕਰਨ ਦਾ ਕੀ ਅਧਿਕਾਰ ਹੈ।

ਨੈਪੋਲੀਅਨ ਨੇ ਇੱਕ ਵਾਰ ਕਿਹਾ ਸੀ 'ਆਈ ਐਮ ਦ ਸਟੇਟ'। ਅੱਜ ਗਾਂਧੀ ਅਸਿੱਧੇ ਤੌਰ 'ਤੇ ਲੋਕਾਂ ਨੂੰ ਕਹਿ ਰਿਹਾ ਹੈ 'ਆਈ ਐਮ ਦੀ ਕਾਂਗਰਸ', ਸਿਵਲ ਨਾਫਰਮਾਨੀ ਅੰਦੋਲਨ ਨੂੰ ਮੁਅੱਤਲ ਕਰਨ ਦਾ ਮਤਲਬ ਇਹ ਮੰਨਣਾ ਹੈ ਕਿ ਕਾਂਗਰਸ ਦਾ ਪ੍ਰੋਗਰਾਮ ਅਸਫਲ ਹੋ ਗਿਆ ਹੈ। ਸਾਡਾ ਨਿੱਜੀ ਵਿਚਾਰ ਹੈ ਕਿ ਉਹ ਇੱਕ ਸਿਆਸੀ ਆਗੂ ਵਜੋਂ ਫੇਲ੍ਹ ਹੋਏ ਹਨ।

ਇਸ ਤਰ੍ਹਾਂ ਗਾਂਧੀ ਨੂੰ ਗਾਲ੍ਹਾਂ ਕੱਢਣ ਵਾਲਾ ਅੱਜ ਦੇਸ਼ ਭਗਤ ਹੈ। ਬਾਅਦ ਵਿੱਚ ਉਨ੍ਹਾਂ ਵੱਲੋਂ ਪਹਿਨਿਆ ਗਿਆ ਗਾਂਧੀ ਭਗਤੀ ਦਾ ਚੋਲਾ ਹੀ ਇਸ ਤਬਦੀਲੀ ਦਾ ਕਾਰਨ ਹੈ।

ਜੇ ਮੈਂ ਚਾਰ ਆਨੇ ਚੰਦੇ 'ਤੇ ਅਤੇ ਦੋ ਆਨੇ ਟੋਪੀਆਂ 'ਤੇ ਖਰਚ ਕੇ ਕਾਂਗਰਸ ਵਿਚ ਸ਼ਾਮਲ ਹੁੰਦਾ ਹਾਂ, ਤਾਂ ਮੈਨੂੰ ਪਤਾ ਹੈ ਕਿ ਮੈਂ ਜੋ ਵੀ ਸਨਮਾਨ ਮੰਗਾਂਗਾ, ਮੈਨੂੰ ਮਿਲੇਗਾ। ਪਰ ਮੈਂ ਅਜਿਹੇ ਸਨਮਾਨ ਨੂੰ ਠੋਕਰ ਮਾਰਦਾ ਹਾਂ। ਮੈਂ ਗਾਂਧੀ ਦਾ ਵਿਰੋਧ ਕਿਉਂ ਕਰ ਰਿਹਾ ਹਾਂ? ਮੈਂ ਗਾਂਧੀ ਨੂੰ ਆਪਣੇ ਸਵਾਰਥ ਦੇ ਲਈ ਨਹੀਂ ਵਰਤ ਰਿਹਾ? ਇਹ ਮਹਾਤਮਾ ਵਿਸ਼ਵਾਸਘਾਤੀ ਹੈ, ਇਸ ਲਈ ਮੈਂ ਇਸਦਾ ਵਿਰੋਧ ਕਰਦਾ ਹਾਂ। ਮੇਰੇ ਕੋਲ ਉਸ ਦੁਆਰਾ ਵਿਸ਼ਵਾਸਘਾਤ ਕਰਨ ਦੇ ਕਈ ਸਬੂਤ ਹਨ। ਮੈਨੂੰ ਆਪਣੇ ਕੰਮ ਵਿੱਚ ਇਸ ਦਾ ਸਿੱਧਾ ਅਨੁਭਵ ਵੀ ਹੋਇਆ ਹੈ। ਇਸ ਲਈ ਮੈਂ ਉਨ੍ਹਾਂ ਦਾ ਵਿਰੋਧ ਕਰਦਾ ਹਾਂ ਅਤੇ ਕਰਦਾ ਰਹਾਂਗਾ।

ਮੈਂ ਤੁਹਾਨੂੰ ਦੱਸਦਾ ਹਾਂ ਕਿ ਮੈਂ ਗਾਂਧੀ ਨੂੰ ਗੱਦਾਰ ਕਿਉਂ ਕਹਿੰਦਾ ਹਾਂ। ਗੋਲਮੇਜ਼ ਕਾਨਫਰੰਸ ਲਈ ਭਾਰਤ ਦੇ ਦਲਿਤ ਵਰਗ ਦੇ ਪ੍ਰਤੀਨਿਧੀ ਵਜੋਂ ਇੰਗਲੈਂਡ ਜਾਣ ਤੋਂ ਪਹਿਲਾਂ ਮੈਂ ਗਾਂਧੀ ਨੂੰ ਮਿਲਿਆ ਸੀ। ਉਸ ਸਮੇਂ ਉਨ੍ਹਾਂ ਕਿਹਾ ਸੀ ਕਿ ਮੈਂ ਅਛੂਤਾਂ ਨੂੰ ਵੱਖਰੀਆਂ ਸੀਟਾਂ ਦੇਣ ਦੇ ਵਿਰੁੱਧ ਹਾਂ। ਹਾਲਾਂਕਿ, ਜਦੋਂ ਹੋਰ ਗੱਲਬਾਤ ਹੋਈ, ਤਾਂ ਉਹ ਸਹਿਮਤ ਹੋ ਗਿਆ ਉਸ ਨੇ ਕਿਹਾ ਕਿ ਜੇਕਰ ਹੋਰ ਘੱਟ-ਗਿਣਤੀ ਭਾਈਚਾਰਿਆਂ ਦੇ ਨੁਮਾਇੰਦੇ ਅਛੂਤਾਂ ਦੀਆਂ ਮੰਗਾਂ ਨੂੰ ਮੰਨ ਲੈਣ ਤਾਂ ਮੈਂ ਕੋਈ ਰੁਕਾਵਟ ਨਹੀਂ ਪੈਦਾ ਕਰਾਂਗਾ। ਅੱਗੇ ਅਸੀਂ ਵਿਦੇਸ਼ ਜਾਵਾਂਗੇ।

ਗਾਂਧੀ ਦੂਜੀ ਗੋਲਮੇਜ਼ ਕਾਨਫਰੰਸ ਵਿੱਚ ਵੀ ਆਏ ਸਨ। ਜਿਸ ਕੰਮ ਲਈ ਮੈਂ ਗਿਆ ਸੀ, ਉਸ ਬਾਰੇ ਚਰਚਾ ਚੱਲ ਰਹੀ ਸੀ। ਇੱਕ ਦਿਨ ਸਰੋਜਨੀਬਾਈ ਮੈਨੂੰ ਗਾਂਧੀ ਕੋਲ ਲੈ ਗਈ। ਉਹ ਜਾਣਨਾ ਚਾਹੁੰਦਾ ਸੀ ਕਿ ਅਛੂਤਾਂ ਦਾ ਕੀ ਕਹਿਣਾ ਹੈ। ਰਾਤ ਦੇ 10 ਵਜੇ ਦਾ ਸਮਾਂ ਸੀ। ਜਦੋਂ ਅਸੀਂ ਪਹੁੰਚੇ ਤਾਂ ਗਾਂਧੀ ਚਰਖਾ ਕੱਤ ਰਿਹਾ ਸੀ। ਮੈਂ ਉਨ੍ਹਾਂ ਨੂੰ ਦੱਸ ਦਿੱਤਾ ਜੋ ਮੈਨੂੰ ਦੱਸਣਾ ਸੀ। ਮੇਰੀਆਂ ਗੱਲਾਂ ਚੱਲ ਰਹੀਆਂ ਸਨ, ਗਾਂਧੀ ਦਾ ਚਰਖਾ ਵੀ ਚੱਲ ਰਿਹਾ ਸੀ। ਮੈਂ ਡੇਢ ਘੰਟਾ ਉੱਥੇ ਬੈਠਾ ਰਿਹਾ। ਉਸ ਸਮੇਂ ਦੌਰਾਨ ਗਾਂਧੀ ਨੇ ਮੈਨੂੰ ਇੱਕ ਸ਼ਬਦ ਵੀ ਨਹੀਂ ਕਿਹਾ। ਅਖੀਰ ਜਦੋਂ ਉਸਦਾ ਚਰਖਾ ਰੁਕ ਗਿਆ ਅਤੇ ਅਸੀਂ ਉੱਠੇ ਤਾਂ ਗਾਂਧੀ ਨੇ ਮੈਨੂੰ ਬਸ ਕਿਹਾ, "ਮੈਂ ਸੁਣਿਆ ਜੋ ਤੁਸੀਂ ਕਿਹਾ ਸੀ। ਮੈਂ ਉਨ੍ਹਾਂ ਵੱਲ ਜ਼ਰੂਰ ਧਿਆਨ ਦੇਵਾਂਗਾ।" ਫਿਰ ਮੈਂ ਉੱਥੋਂ ਵਾਪਸ ਆ ਗਿਆ।

ਅੱਗੋਂ ਸੁਨੇਹਾ ਆਇਆ ਕਿ ਗਾਂਧੀ ਨੇ ਸਾਰੀਆਂ ਘੱਟ ਗਿਣਤੀਆਂ ਦੇ ਨੁਮਾਇੰਦਿਆਂ ਨੂੰ ਬੁਲਾਇਆ ਹੈ। ਅਸੀਂ ਸਾਰੇ ਮਿਲਣ ਗਏ। ਸੁਣਨ ਵਿੱਚ ਆਇਆ ਸੀ ਕਿ ਨਾਮਦੇਵ ਦੇ ਵਿਆਹ ਵਿੱਚ ਕਿਸੇ ਨੇ ਸਾਰੇ ਸਬੰਧੀਆਂ ਨੂੰ ਪੁੱਛਿਆ ਸੀ, "ਤੁਸੀਂ ਕੀ ਚਾਹੁੰਦੇ ਹੋ?" ਉਸੇ ਤਰਜ਼ 'ਤੇ, ਗਾਂਧੀ ਨੇ ਸਾਡੇ ਵਿੱਚੋਂ ਹਰੇਕ ਨੂੰ ਪੁੱਛਿਆ, "ਤੁਸੀਂ ਕੀ ਚਾਹੁੰਦੇ ਹੋ?" ਸਾਰਿਆਂ ਦੀਆਂ ਗੱਲਾਂ ਸੁਣਨ ਤੋਂ ਬਾਅਦ, ਗਾਂਧੀ ਨੇ ਆਖਰਕਾਰ ਕਿਹਾ, "ਮੈਂ ਤੁਹਾਡੀ ਸਾਰਿਆਂ ਦੀ ਗੱਲ ਸੁਣੀ ਹੈ। ਮੈਂ ਹਰ ਗੱਲ ਨੂੰ ਧਿਆਨ ਨਾਲ ਵਿਚਾਰਿਆ ਹੈ। ਮੈਂ ਅਛੂਤਾਂ ਨੂੰ ਕੁਝ ਵੀ ਦੇਣਾ ਨਹੀਂ ਚਾਹੁੰਦਾ।

ਇਸ ਤੋਂ ਬਾਅਦ ਘੱਟ ਗਿਣਤੀ ਪ੍ਰਤੀਨਿਧੀਆਂ (ਘੱਟ ਗਿਣਤੀ ਕਮੇਟੀ) ਦੀ ਮੀਟਿੰਗ ਹੋਈ। ਰੈਮਸੇ ਮੈਕਡੋਨਲਡ ਪ੍ਰਧਾਨਗੀ ਮੰਡਲ ਵਿੱਚ ਸਨ। ਕੰਮ ਸ਼ੁਰੂ ਹੋਣ ਤੋਂ ਪਹਿਲਾਂ ਹੀ ਮੁਸਲਮਾਨਾਂ ਨੇ ਮੁਲਤਵੀ ਹੋਣ ਦਾ ਨੋਟਿਸ ਦੇ ਦਿੱਤਾ। ਕਾਰਨ ਇਹ ਸੀ ਕਿ ਉਹ ਇਕੱਲੇ ਗਾਂਧੀ ਨਾਲ ਗੱਲ ਕਰਨਾ ਚਾਹੁੰਦੇ ਸਨ। ਮੈਂ ਹੈਰਾਨ ਸੀ। ਮੈਂ ਇਸ ਘਟਨਾ ਦਾ ਅਰਥ ਨਹੀਂ ਸਮਝ ਸਕਿਆ।

ਮੈਂ ਉਠ ਕੇ ਮੁਲਤਵੀ ਨੋਟਿਸ ਦਾ ਵਿਰੋਧ ਕੀਤਾ। ਮੈਂ ਕਿਹਾ ਜੇ ਇਹ ਚਰਚਾ ਘੱਟ ਗਿਣਤੀਆਂ ਦੇ ਹੱਕਾਂ ਦੀ ਹੈ ਤਾਂ ਇਕੱਲੇ ਗਾਂਧੀ ਨਾਲ ਕਿਉਂ? ਅਸੀਂ ਇਸ ਵਿੱਚ ਹਿੱਸਾ ਕਿਉਂ ਨਹੀਂ ਲੈ ਸਕਦੇ? ਇਸ ਤੋਂ ਪਹਿਲਾਂ ਵੀ ਨਿੱਜੀ ਮੁਲਾਕਾਤ ਹੋਈ ਸੀ। ਜੇਕਰ ਇਹ ਮੀਟਿੰਗ ਅਛੂਤਾਂ ਦੀਆਂ ਮੰਗਾਂ ਨੂੰ ਲੈ ਕੇ ਹੋ ਰਹੀ ਹੈ ਤਾਂ ਸਾਨੂੰ ਇਸ ਤੋਂ ਬਾਹਰ ਕਿਉਂ ਰੱਖਿਆ ਜਾਵੇ ਗਾਂਧੀ ਇਸ ਗੱਲ ਨੂੰ ਸਪੱਸ਼ਟ ਕਰਨ।

ਇਸ 'ਤੇ ਸਪੀਕਰ ਨੇ ਗਾਂਧੀ ਨੂੰ ਪੁੱਛਿਆ ਕਿ ਉਨ੍ਹਾਂ ਦਾ ਇਸ ਬਾਰੇ ਕੀ ਕਹਿਣਾ ਹੈ। ਫਿਰ ਗਾਂਧੀ ਨੇ ਕਿਹਾ, "ਮੈਂ ਖੁਦ ਅਛੂਤਾਂ ਨੂੰ ਕੁਝ ਨਹੀਂ ਦੇਣਾ ਚਾਹੁੰਦਾ। ਪਰ ਜੇਕਰ ਹੋਰ ਘੱਟ ਗਿਣਤੀ ਨੁਮਾਇੰਦੇ ਅਛੂਤਾਂ ਦੀਆਂ ਮੰਗਾਂ ਮੰਨ ਲੈਣ ਤਾਂ ਮੈਂ ਉਨ੍ਹਾਂ ਦਾ ਵਿਰੋਧ ਨਹੀਂ ਕਰਾਂਗਾ।" ਇਹ ਮੇਰੇ ਮਨਘੜਤ ਨਹੀਂ ਹਨ। ਉਹ ਗੋਲਮੇਜ਼ ਕਾਨਫਰੰਸ ਦੀ ਕਾਰਵਾਈ ਵਿੱਚ ਦਰਜ ਹਨ। ਜੇਕਰ ਕੋਈ ਚਾਹੇ ਤਾਂ ਇਸ ਨੂੰ ਦੇਖ ਸਕਦਾ ਹੈ। ਅਖੀਰ ਮੇਰੇ ਵਿਰੋਧ ਦਾ ਕੋਈ ਫਾਇਦਾ ਨਹੀਂ ਹੋਇਆ ਅਤੇ ਮੀਟਿੰਗ ਮੁਲਤਵੀ ਕਰ ਦਿੱਤੀ ਗਈ।

ਉਸ ਤੋਂ ਬਾਅਦ ਜੋ ਵੀ ਹੋਇਆ, ਗਾਂਧੀ ਨੇ ਜੋ ਵੀ ਕੀਤਾ, ਉਹ ਮੇਰੇ ਦਿਲ ਵਿਚ ਸਦਾ ਲਈ ਵਸ ਗਿਆ ਹੈ। ਇਸ ਤੋਂ ਮੈਨੂੰ ਯਕੀਨ ਹੋ ਗਿਆ ਹੈ ਕਿ ਗਾਂਧੀ ਇੱਕ ਧੋਖੇਬਾਜ਼ ਆਦਮੀ ਹੈ।

ਘੱਟ ਗਿਣਤੀ ਕਮੇਟੀ ਦੀ ਮੀਟਿੰਗ ਵਿੱਚ ਅਜਿਹਾ ਭਾਸ਼ਣ ਦੇਣ ਤੋਂ ਬਾਅਦ ਇਸ ਮਹਾਤਮਾ ਨੇ ਕੀ ਕੀਤਾ ਹੋਵੇਗਾ? ਆਪਣੀ ਗੱਲ ਨੂੰ ਲਾਗੂ ਕਰਨ ਲਈ, ਉਸਨੇ ਇੱਕ ਮਸ਼ਹੂਰ ਚਾਲ ਲੱਭ ਲਈ, ਉਸਨੇ ਕੁਰਾਨ ਦੇ ਪੰਨਿਆਂ ਨੂੰ ਖੰਘਾਲਿਆ। ਉਸ ਨੇ ਆਪਣੇ ਮਨ ਵਿਚ ਕੁਝ ਫੈਸਲਾ ਕੀਤਾ ਅਤੇ ਰਿਟਜ਼ ਹੋਟਲ ਵਿਚ ਆਗਾਖਾਨ ਦੇ ਕਮਰੇ ਵਿਚ ਹੋ ਰਹੀ ਮੁਸਲਮਾਨਾਂ ਦੀ ਨਿੱਜੀ ਮੀਟਿੰਗ ਵਿਚ ਪਹੁੰਚ ਗਿਆ। ਉਥੇ ਉਸ ਨੇ ਕੁਰਾਨ ਨੂੰ ਆਪਣੇ ਸਾਹਮਣੇ ਰੱਖਿਆ ਅਤੇ ਕਿਹਾ, "ਵੇਖੋ, ਤੁਹਾਡਾ ਧਰਮ ਗ੍ਰੰਥ ਕੀ ਕਹਿੰਦਾ ਹੈ।

ਕੀ ਕਿਸੇ ਸਮਾਜ ਵਿੱਚ ਵੰਡੀਆਂ ਪਾਉਣਾ ਇਸਲਾਮ ਧਰਮ ਨਾਲ ਮੇਲ ਖਾਂਦਾ ਹੈ?'' ਉਸ ਨੇ ਕਿਹਾ, ਨਹੀਂ ਹਿੰਦੂ ਧਰਮ ਵਿੱਚ ਵੰਡੀਆਂ ਪਾਉਣਾ ਤੁਹਾਡਾ ਇਹ ਕੰਮ ਇਸਲਾਮ ਧਰਮ ਦੇ ਵਿਰੁੱਧ ਹੈ,

ਆਗਾਖਾਨ ਨੇ ਕਿਹਾ "ਪਰ ਗਾਂਧੀ ਜੀ ਇਸ ਦਾ ਧਰਮ ਨਾਲ ਕੀ ਸਬੰਧ ਹੈ? ਇਹ ਸਿਆਸੀ ਅਧਿਕਾਰਾਂ ਦਾ ਸਵਾਲ ਹੈ। ਅਸੀਂ ਅਛੂਤਾਂ ਨਾਲੋਂ ਵਧੇਰੇ ਖੁਸ਼ਹਾਲ, ਵਧੇਰੇ ਮਜ਼ਬੂਤ ਹਾਂ, ਵਧੇਰੇ ਉੱਨਤ ਹਾਂ। ਅਸੀਂ ਕੁਝ ਸਿਆਸੀ ਹੱਕ ਲੈਣ ਲਈ ਲੜ ਰਹੇ ਹਾਂ। ਜੇ ਸਾਨੂੰ ਅਤੇ ਹੋਰ ਘੱਟ ਗਿਣਤੀ ਭਾਈਚਾਰਿਆਂ ਨੂੰ ਮੰਗਣ ਅਤੇ ਪ੍ਰਾਪਤ ਕਰਨ ਦਾ ਅਧਿਕਾਰ ਹੈ, ਅਛੂਤਾਂ ਨੂੰ ਉਹ ਅਧਿਕਾਰ ਦੇਣਾ ਸਹੀ ਅਤੇ ਸਰਲ ਹੈ। ਇਸ ਵਿੱਚ ਹੈਰਾਨੀ ਵਾਲੀ ਕੀ ਗੱਲ ਹੈ?"

ਕੁਰਾਨ ਸ਼ਰੀਫ਼ ਦੇ ਬਹਾਨੇ ਹਮਲਾ ਨਾਕਾਮ ਹੁੰਦਾ ਦੇਖ ਕੇ ਗਾਂਧੀ ਨੇ ਹੋਰ ਵੀ ਬੇਸ਼ਰਮੀ ਵਾਲਾ ਤਰੀਕਾ ਅਪਣਾਇਆ। ਉਸਨੇ ਕਿਹਾ, "ਠੀਕ ਹੈ। ਕੀ ਤੁਸੀਂ ਆਪਣੀਆਂ 14 ਮੰਗਾਂ ਪੂਰੀਆਂ ਕਰਨਾ ਚਾਹੁੰਦੇ ਹੋ, ਠੀਕ?" "ਹਾਂ, ਜ਼ਰੂਰ।" ਜੇਕਰ ਤੁਸੀਂ ਕਮੇਟੀ ਵਿੱਚ ਅਛੂਤਾਂ ਦੀਆਂ ਮੰਗਾਂ ਨੂੰ ਰੱਦ ਕਰਦੇ ਹੋ ਅਤੇ ਉਨ੍ਹਾਂ ਨੂੰ ਮੰਨਣ ਤੋਂ ਇਨਕਾਰ ਕਰਦੇ ਹੋ, ਤਾਂ ਮੈਂ ਸਿਫਾਰਸ਼ ਕਰਦਾ ਹਾਂ ਕਿ ਤੁਹਾਡੀਆਂ ਸਾਰੀਆਂ ਚੌਦਾਂ ਮੰਗਾਂ ਮੰਨ ਲਈਆਂ ਜਾਣਗੀਆਂ।

ਇਹ ਮਹਾਤਮਾ ਆਪਣੀ ਜ਼ਿੱਦ ਨੂੰ ਪੂਰਾ ਕਰਨ ਲਈ ਕਿਸ ਹੱਦ ਤੱਕ ਜਾ ਸਕਦਾ ਹੈ ਕਿ ਅਛੂਤਾਂ ਨੂੰ ਕੁਝ ਨਹੀਂ ਦੇਣਾ ਚਾਹੀਦਾ? ਕੀ ਇਸ ਨੂੰ ਦੇਖ ਕੇ ਕੋਈ ਯਕੀਨ ਕਰ ਸਕੇਗਾ? ਮੇਰੇ ਕੋਲ ਮੁਸਲਮਾਨਾਂ ਨਾਲ ਉਸ ਦੇ ਸਮਝੌਤੇ ਦਾ ਖਰੜਾ ਹੈ। ਮੈਂ ਇਸਨੂੰ ਆਪਣੀ ਕਿਤਾਬ ਵਿੱਚ ਵੀ ਛਾਪਣ ਜਾ ਰਿਹਾ ਹਾਂ। ਮੈਂ ਕੋਈ ਗੱਪ ਨਹੀਂ ਫੈਲਾ ਰਿਹਾ।

ਮੇਰੇ 'ਤੇ ਇਕ ਹੋਰ ਦੋਸ਼ ਹੈ ਕਿ ਮੈਂ ਕਾਂਗਰਸ ਨਾਲ ਹੱਥ ਨਹੀਂ ਮਿਲਾਉਂਦਾ। ਇਹ ਸੱਚ ਹੈ, ਖੈਰ, ਮੈਂ ਤੁਹਾਨੂੰ ਦੱਸ ਦਿੱਤਾ ਹੈ ਕਿ ਕਾਂਗਰਸ ਨਾਲ ਹੱਥ ਮਿਲਾਉਣ ਨਾਲ ਕੀ ਫਾਇਦਾ ਹੋ ਸਕਦਾ ਹੈ। ਮੈਨੂੰ ਕਾਂਗਰਸ ਨਾਲ ਜੋੜਨ ਲਈ ਵੀ ਯਤਨ ਕੀਤੇ ਜਾ ਰਹੇ ਹਨ। ਆਓ ਤੁਹਾਨੂੰ ਅਜਿਹੀ ਹੀ ਇੱਕ ਕੋਸ਼ਿਸ਼ ਬਾਰੇ ਦੱਸਦੇ ਹਾਂ। ਤਾਂ ਜੋ ਕਾਂਗਰਸ ਨਾਲ ਮੁਲਾਕਾਤ ਦਾ ਰਾਜ਼ ਵੀ ਜਾਣ ਸਕਣ। 1935 ਵਿੱਚ ਮੇਰੇ ਇੱਕ ਦੋਸਤ ਨੇ ਮੈਨੂੰ ਵਰਧਾ ਲੈ ਜਾਣ ਲਈ ਬੇਨਤੀ ਕੀਤੀ।

"ਇਕੁਐਲਿਟੀ ਐਂਡ ਜਸਟਿਸ"
"Equality and Justice"

ਕਿ ਅਸੀਂ ਗਾਂਧੀ ਨਾਲ ਸੁਲ੍ਹਾ ਕਰਵਾਵਾਂਗੇ। ਮੈਨੂੰ ਪਤਾ ਸੀ ਕਿ ਮੇਰੇ ਜਾਣ ਦਾ ਕੋਈ ਫਾਇਦਾ ਨਹੀਂ ਹੋਵੇਗਾ। ਪਰ ਦੋਸਤੀ ਦੀ ਖ਼ਾਤਰ ਮੈਂ ਚਲਾ ਗਿਆ। ਮੈਂ ਗਾਂਧੀ ਨੂੰ ਸ਼ੇਗਾਓਂ ਵਿੱਚ ਮਿਲਿਆ ਅਤੇ ਮੇਰਾ ਅੰਦਾਜ਼ਾ ਬਿਲਕੁਲ ਸਹੀ ਨਿਕਲਿਆ। ਅਸੀਂ ਵਰਧਾ ਵਿੱਚ ਸੇਠ ਜਮਨਾਲਾਲ ਜੀ ਦੇ ਘਰ ਵਾਪਸ ਆ ਗਏ ਅਤੇ ਉੱਥੇ ਕੁਝ ਹੋਰ ਲੋਕ ਮੈਨੂੰ ਸਮਝਾਉਣ ਲੱਗੇ। ਜਮਨਾਲਾਲ ਜੀ ਨੇ ਕਿਹਾ-

"ਦੇਖੋ ਡਾਕਟਰ ਸਾਹਿਬ, ਤੁਸੀਂ ਬਹੁਤ ਵੱਡੀ ਭੁੱਲ ਕਰ ਰਹੇ ਹੋ।,

ਮੈਂ ਪੁੱਛਿਆ, "ਕਿਵੇਂ?"

ਉਨ੍ਹਾਂ ਕਿਹਾ, "ਦੇਖੋ, ਕਲਪਨਾ ਕਰੋ ਕਿ ਜੇਕਰ ਤੁਸੀਂ ਕਾਂਗਰਸ ਨੂੰ ਮਿਲਦੇ ਹੋ ਤਾਂ ਤੁਹਾਨੂੰ ਕਿੰਨਾ ਫਾਇਦਾ ਹੋਵੇਗਾ। ਅਸੀਂ ਛੂਤ-ਛਾਤ ਅੰਦੋਲਨ ਨੂੰ ਤੁਹਾਡੇ ਹਵਾਲੇ ਕਰਾਂਗੇ। ਕੀ ਤੁਸੀਂ ਜਾਣਦੇ ਹੋ ਕਿ ਮਾਰਵਾੜੀ ਭਾਈਚਾਰੇ ਬਾਰੇ ਪਹਿਲਾਂ ਕੀ ਕਿਹਾ ਜਾਂਦਾ ਸੀ? ਮਾਰਵਾੜੀ ਲੋਕ ਭਾਵ ਸਮਾਜ ਵਿੱਚ ਲਗੀਆਂ ਜੋਕਾਂ ਹਨ। ਜੋ ਰਈਅਤਾਂ ਦੇ ਘਰਾਂ ਅਤੇ ਬਾਰਾਂ ਨੂੰ ਲੁੱਟਣ ਵਾਲੇ ਉਹ ਉਲਟੀਆਂ ਖੋਪੜੀਆਂ ਵਾਲੇ ਬਦਮਾਸ਼ ਹਨ। ਪਰ ਅੱਜ? ਅੱਜ ਮਾਰਵਾੜੀ ਰਾਸ਼ਟਰੀ ਪੁਰਸ਼ ਹੈ। ਉਸ ਦੀ ਮਹਾਨਤਾ ਹਰ ਥਾਂ ਮੰਨੀ ਜਾਂਦੀ ਹੈ। ਇਸ ਦਾ ਕਾਰਨ ਕੀ ਹੈ? ਇਸ ਦਾ ਕਾਰਨ ਇਹ ਹੈ ਕਿ ਅੱਜ ਅਸੀਂ ਕਾਂਗਰਸ ਨਾਲ ਜੁੜੇ ਹੋਏ ਹਾਂ। ਤੁਸੀਂ ਕਾਂਗਰਸ ਵਿੱਚ ਸ਼ਾਮਲ ਹੋਵੋ, ਤੁਸੀਂ ਵੀ ਰਾਸ਼ਟਰੀ ਨੇਤਾ ਬਣੋਗੇ।

ਮੈਂ ਕਿਹਾ, ਇਹ ਕਿਵੇਂ ਹੋ ਸਕਦਾ ਹੈ? ਮੈਨੂੰ ਗਾਂਧੀ ਵਿੱਚ ਕੋਈ ਵਿਸ਼ਵਾਸ ਨਹੀਂ ਹੈ। ਮੈਨੂੰ ਉਨ੍ਹਾਂ ਦੇ ਕੰਮ ਵਿੱਚ ਵਿਸ਼ਵਾਸ ਨਹੀਂ ਹੈ। ਮੇਰੇ ਅਤੇ ਉਸ ਵਿੱਚ ਅੰਤਰ ਹਨ। ਜੇਕਰ ਮੈਂ ਕਾਂਗਰਸ ਨਾਲ ਮਿਲਦਾ ਹਾਂ ਤਾਂ ਮੈਂ ਉਨ੍ਹਾਂ ਨਾਲ ਕਿਵੇਂ ਕੰਮ ਕਰ ਸਕਾਂਗਾ?

ਜਮਨਾਦਾਸ ਨੇ ਕਿਹਾ, "ਇਹ ਕੋਈ ਵੱਡੀ ਗੱਲ ਨਹੀਂ ਹੈ। ਜੇਕਰ ਅੰਤਰ ਹਨ ਤਾਂ ਕੀ ਹੋਵੇਗਾ? ਜਵਾਹਰ ਲਾਲ ਨਹਿਰੂ ਨੂੰ ਦੇਖੋ। ਉਨ੍ਹਾਂ ਦੇ ਗਾਂਧੀ ਨਾਲ ਵੀ ਮਤਭੇਦ ਹਨ। ਕਈ ਮਾਮਲਿਆਂ ਵਿੱਚ ਉਹ ਆਪਸ ਵਿੱਚ ਭਿੜ ਵੀ ਜਾਂਦੇ ਹਨ। ਪਰ ਸਮੇਂ-ਸਮੇਂ 'ਤੇ ਉਹ ਕਹਿੰਦੇ ਹਨ ਕਿ 'ਗਾਂਧੀ ਮੇਰੇ ਗੁਰੂ ਹਨ।' ਜੇਕਰ ਤੁਸੀਂ ਵੀ ਅਜਿਹਾ ਕਰੋਗੇ ਤਾਂ ਸਭ ਠੀਕ ਹੋ ਜਾਵੇਗਾ।"

ਮੈਂ ਹੱਸ ਕੇ ਕਿਹਾ, "ਜੇਕਰ ਤੁਸੀਂ ਕਿਸੇ 'ਤੇ ਭਰੋਸਾ ਕਰਦੇ ਹੋ, ਤਾਂ ਤੁਸੀਂ ਮਤਭੇਦਾਂ ਦੇ ਬਾਵਜੂਦ ਉਨ੍ਹਾਂ ਨਾਲ ਕੰਮ ਕਰ ਸਕਦੇ ਹੋ।" ਪਰ ਮੈਂ ਗਾਂਧੀ 'ਤੇ ਬਿਲਕੁਲ ਭਰੋਸਾ ਨਹੀਂ ਕਰਦਾ। ਇਸ ਲਈ ਵਿਚ ਵਿੱਚ ਕੰਮ ਕਰਦੇ, ਮੈਂ ਉਸਨੂੰ ਗੁਰੂ ਕਿਵੇਂ ਕਹਾਂਗਾ ਅਤੇ ਮੈਂ ਉਸਦੇ ਨਾਲ ਕਿਵੇਂ ਕੰਮ ਕਰਾਂਗਾ?"

ਗੱਲ ਇੱਥੇ ਹੀ ਖਤਮ ਹੋ ਗਈ। ਇਕ ਵਾਰ ਫਿਰ ਅਸੀਂ ਗਾਂਧੀ ਨੂੰ ਅਲਵਿਦਾ ਕਹਿਣ ਸ਼ੇਗਾਓਂ ਗਏ। ਸਾਡੇ ਵਰਧਾ ਪਹੁੰਚਣ ਤੋਂ ਪਹਿਲਾਂ ਸਾਡੀ ਗੱਲਬਾਤ ਉੱਥੇ ਪਹੁੰਚ ਗਈ ਸੀ! ਜਿਵੇਂ ਹੀ ਮੈਂ ਗਾਂਧੀ ਦੇ ਸਾਹਮਣੇ ਉੱਥੇ ਪਹੁੰਚਿਆ ਤਾਂ ਮਹਾਦੇਵ ਦੇਸਾਈ ਨੇ ਗਾਂਧੀ ਨੂੰ ਕਿਹਾ-

"ਖਬਰ ਛੇ ਬਾਪੂ ਜੀ, ਡਾਕਟਰਸਾਹੇਬ ਸ਼ੁੰ ਕਹੁੰ ਛੇ?"

"ਕੀ? ਕੀ ਕਹਿੰਦੇ ਹਨ?" ਗਾਂਧੀ ਨੇ ਪੁੱਛਿਆ।

ਮਹਾਦੇਵ ਦੇਸਾਈ ਨੇ ਅੱਗੇ ਬੋਲਿਆ ਜਿਵੇਂ ਉਹ ਗਾਂਧੀ ਬਾਰੇ ਆਪਣੀ ਰਾਏ ਉਸ ਦੇ ਸਾਹਮਣੇ ਪ੍ਰਗਟ ਕਰਨ ਤੋਂ ਝਿਜਕਦਾ ਹੋਵੇ।

"ਉਹ ਕਹਿ ਰਿਹਾ ਹੈ ਕਿ ਉਸਨੂੰ ਤੁਹਾਡੇ 'ਤੇ ਭਰੋਸਾ ਨਹੀਂ ਹੈ। ਇਸ ਲਈ ਉਹ ਤੁਹਾਡੇ ਨਾਲ ਕੰਮ ਕਰਨ ਲਈ ਤਿਆਰ ਨਹੀਂ ਹੈ।"

ਗਾਂਧੀ ਦੀ ਸਵਾਲੀਆ ਨਜ਼ਰਾਂ ਮੇਰੇ ਵੱਲ ਹੋ ਗਈਆਂ। ਮੈਂ ਕਿਹਾ, "ਸੱਚ ਹੈ। ਉਹ ਸਹੀ ਹੈ। ਮੈਨੂੰ ਤੁਹਾਡੇ 'ਤੇ ਬਿਲਕੁਲ ਭਰੋਸਾ ਨਹੀਂ ਹੈ।"

ਅੱਜ ਕਾਂਗਰਸ ਪੈਸੇ ਵਾਲੇ ਲੋਕਾਂ ਦੀ ਅਧੀਨ ਹੋ ਗਈ ਹੈ। ਇਸ ਰਾਹੀਂ ਲੋਕ ਭਲਾਈ ਨਹੀਂ ਕੀਤੀ ਜਾ ਸਕਦੀ। ਅੱਜ ਦੇ ਹਾਲਾਤਾਂ ਵਿੱਚ ਕੋਈ ਵੀ ਕਾਂਗਰਸ ਵਿੱਚ ਜਾ ਕੇ ਕਿਸੇ ਵਿਰੁੱਧ ਹਮਲੇ ਜਾਂ ਜੰਗ ਦਾ ਪ੍ਰੋਗਰਾਮ ਨਹੀਂ ਚਲਾ ਸਕਦਾ। ਇਸ ਲਈ ਮੈਂ ਕਾਂਗਰਸ ਵਿੱਚ ਨਹੀਂ ਜਾਂਦਾ।

# ਬਿਜਲੀ ਨਿਗਮ ਦੀਆਂ ਜਾਇਦਾਦਾਂ ਵੇਚਣ ਅਤੇ ਬਿਜਲੀ ਸੋਧ ਬਿੱਲ 2025 ਵਿਰੁੱਧ ਬਿਜਲੀ ਮੁਲਾਜ਼ਮ, ਪੈਨਸ਼ਨਰ ਅਤੇ ਕਿਸਾਨ ਜਥੇਬੰਦੀਆਂ ਨੇ ਬਿਜਲੀ ਮੰਤਰੀ ਖਿਲਾਫ਼ ਦਿੱਤਾ ਰੋਹ ਭਰਪੂਰ ਵਿਸ਼ਾਲ ਰੋਸ ਧਰਨਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 02 ਨਵੰਬਰ INTERNATIONAL PAPER, 94636 01616 hardipchumber57@gmail.com

ਲੁਧਿਆਣਾ 2 ਨਵੰਬਰ ਬਿਜਲੀ ਨਿਗਮ ਦੀਆਂ ਵੱਡੇ ਸ਼ਹਿਰਾਂ ਅਤੇ ਕਸਬਿਆਂ ਵਿੱਚ ਮੌਜੂਦ ਸੈਂਕੜੇ ਏਕੜ ਵਿੱਚ ਫੈਲੀਆਂ ਬਹੁਤ ਮਹਿੰਗੀਆਂ ਜਾਇਦਾਦਾਂ ਜੋ ਕਈ ਦਹਾਕੇ ਪਹਿਲਾਂ ਜਿਆਦਾਤਰ ਪੰਚਾਇਤਾਂ ਵੱਲੋਂ ਅਤੇ ਕੁੱਝ ਨਿੱਜੀ ਤੌਰ ਤੇ ਲੋਕਾਂ ਵੱਲੋਂ ਦਫਤਰ ਅਤੇ ਗਰਿੱਡ ਬਣਾਉਣ ਲਈ ਬਿਜਲੀ ਬੋਰਡ ਨੂੰ ਦਾਨ ਵਜੋਂ ਦਿੱਤੀਆਂ ਸਨ ਨੂੰ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਆਪਣੀਆਂ ਰਾਜਸੀ ਲੋੜਾਂ ਲਈ ਵੇਚਣ ਦੀ ਘਟੀਆ ਤਜਵੀਜ਼ ਦੇ ਖਿਲਾਫ਼ ਅਤੇ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਬਿਜਲੀ ਸੋਧ ਬਿੱਲ 2025 ਦੇ ਤਜਵੀਜ਼ਤ ਖਰੜੇ ਵਿਰੁੱਧ ਅਦਾਰੇ ਦੇ ਮੁਲਾਜ਼ਮਾਂ ਅਤੇ ਪੈਨਸ਼ਨਰ ਜਥੇਬੰਦੀਆਂ ਦੇ ਸਾਂਝੇ ਸੰਗਠਨਾਂ ਪੀਐਸਈਬੀ ਇੰਪਲਾਈਜ਼ ਜੁਆਇੰਟ ਫੋਰਮ ,ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ , ਐਸੋਸ਼ੀਏਸਨ ਆਫ ਜੂਨੀਅਰ ਇੰਜੀਨੀਅਰ ,ਗਰਿੱਡ ਸਬ ਸਟੇਸ਼ਨ ਇੰਪਲਾਈਜ਼ ਯੂਨੀਅਨ (ਰਜਿ: 24) , ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰਜ ਯੂਨੀਅਨ ਪੰਜਾਬ (ਸਬੰਧਤ ਏਟਕ) ,ਪੈਨਸ਼ਨਰ ਵੈਲਫੇਅਰ ਫੈਡਰੇਸ਼ਨ ਪਹਿਲਵਾਨ ਦੇ ਸੂਬਾ ਪੱਧਰੀ ਸੱਦੇ ਤੇ ਅਤੇ ਵੱਖ - ਵੱਖ ਕਿਸਾਨ ,ਮਜਦੂਰ ਜਥੇਬੰਦੀਆਂ ਦੀ ਡਟਵੀਂ ਹਮਾਇਤ ਤੇ ਰਤਨ ਸਿੰਘ ਮਜਾਰੀ ਅਤੇ ਗੁਰਪ੍ਰੀਤ ਸਿੰਘ ਗੰਡੀਵਿੰਡ ਦੀ ਸਾਂਝੀ ਪ੍ਰਧਾਨਗੀ ਹੇਠ ਬਿਜਲੀ ਮੰਤਰੀ ਖਿਲਾਫ਼ ਆਰਤੀ ਚੌਂਕ ਲੁਧਿਆਣਾ ਵਿਖੇ ਵਿਸ਼ਾਲ ਰੋਸ ਧਰਨਾ ਦੇਣ ਉਪਰੰਤ ਹੁਕਮਰਾਨਾਂ ਵਿਰੁੱਧ ਬਿਜਲੀ ਮੰਤਰੀ ਦੀ ਰਹਾਇਸ਼ ਵੱਲ ਰੋਹ ਭਰਪੂਰ ਰੋਸ ਮਾਰਚ ਕੀਤਾ। ਸਾਂਝੇ ਥੜੇ ਦੇ ਆਗੂਆਂ ਹਰਪਾਲ ਸਿੰਘ ਅਤੇ ਗੁਰਵੇਲ ਸਿੰਘ ਬੱਲਪੁਰੀਆ ਨੇ ਪ੍ਰੈਸ ਨੂੰ ਜਾਣਕਾਰੀ ਦੇਂਦਿਆਂ ਦੱਸਿਆ ਕਿ ਅਦਾਰੇ ਦੀਆਂ ਜਾਇਦਾਦਾਂ ਵੇਚਣ ਵਿਰੁੱਧ 16 ਅਕਤੂਬਰ ਤੋਂ 31 ਅਕਤੂਬਰ ਤੱਕ ਪਾਵਰਕਾਮ ਦੇ ਸਮੁੱਚੇ ਸਰਕਲਾਂ ਵਿੱਚ ਰੋਸ ਪ੍ਰਦਰਸ਼ਨ ਕਰਨ ਉਪਰੰਤ ਅੱਜ ਬਿਜਲੀ ਮੰਤਰੀ ਖਿਲਾਫ਼ ਦਿੱਤੇ ਗਏ ਰੋਸ ਧਰਨੇ ਨੂੰ ਸੰਬੋਧਨ ਕਰਦਿਆਂ






ਬੁਲਾਰਿਆਂ ਨੇ ਕਿਹਾ ਕਿ ਇੱਕ ਪਾਸੇ ਪੰਜਾਬ ਸਰਕਾਰ ਖਜਾਨਾ ਭਰੇ ਹੋਣ ਦਾ ਦਾਅਵਾ ਕਰਦੀ ਹੈ, ਦੂਸਰੇ ਪਾਸੇ ਲੁਧਿਆਣਾ, ਪਟਿਆਲਾ, ਜਲੰਧਰ ਅਤੇ ਹੋਰ ਸ਼ਹਿਰਾਂ ਵਿਚਲੀਆਂ ਸਰਕਾਰੀ ਜਾਇਦਾਦਾਂ ਵੇਚ ਰਹੀ ਹੈ। ਮੁਲਾਜ਼ਮ /ਪੈਨਸ਼ਨਰ / ਕਿਸਾਨ /ਮਜਦੂਰ ,ਇੰਜੀਨੀਅਰ ਆਗੂਆਂ ਨੇ ਕਿਹਾ ਕਿ ਬਿਜਲੀ ਸੋਧ ਬਿੱਲ 2025 ਰਾਜਾਂ ਦੇ ਅਧਿਕਾਰਾਂ ਉਪਰ ਸਿੱਧਾ ਹਮਲਾ ਹੈ ਜੋ ਦੇਸ਼ ਦੇ ਸੰਘੀ ਢਾਂਚੇ ਨੂੰ ਤਬਾਹ ਕਰ ਦੇਵੇਗਾ ਆਗੂਆਂ ਨੇ ਕਿਹਾ ਕਿ ਪੂੰਜੀਪਤੀਆਂ ਦੇ ਦਬਾਅ ਹੇਠ ਕੇਂਦਰ ਸਰਕਾਰ ਇਸ ਸੋਧ ਬਿੱਲ ਦਾ ਖਰੜਾ ਪਾਸ ਕਰਕੇ ਬਿਜਲੀ ਅਦਾਰਿਆਂ ਦਾ ਸਿੱਧਾ ਕੰਟਰੋਲ ਆਪਣੇ ਹੱਥ ਵਿੱਚ ਲੈਣਾ ਚਾਹੁੰਦੀ ਹੈ। ਆਗੂਆਂ ਨੇ ਕਿਹਾ ਕਿ ਇਸ ਬਿੱਲ ਦੇ ਲੋਕ ਵਿਰੋਧੀ ਖਰੜੇ ਨਾਲ ਬਿਜਲੀ ਵਰਗਾ ਮਹੱਤਵਪੂਰਨ ਅਦਾਰਾ ਪੂੰਜੀਪਤੀਆਂ ਦੇ ਹੱਥਾਂ ਵਿੱਚ ਜਾਣ ਨਾਲ ਆਮ ਲੋਕਾਂ ਅਤੇ ਕਿਸਾਨਾਂ ਨੂੰ ਮਿਲਦੀ ਕਰਾਸ ਸਬਸਿਡੀ ਖ਼ਤਮ ਕਰਕੇ ਲੋਕਾਂ ਨੂੰ ਮਹਿੰਗੀ ਬਿਜਲੀ ਖ਼ਰੀਦਣ ਲਈ ਮਜ਼ਬੂਰ ਕੀਤਾ ਜਾਵੇਗਾ। ਮੁਲਾਜ਼ਮਾਂ ਦੀਆਂ ਨੌਕਰੀਆਂ ਖਤਰੇ ਵਿੱਚ ਆ ਜਾਣਗੀਆਂ ਅਤੇ ਜਿਥੇ ਸਾਰੀ ਨਵੀਂ ਭਰਤੀ ਆਉਟਸੋਰਸਿੰਗ ਰਾਹੀਂ ਕੀਤੀ ਜਾਵੇਗੀ ਉਥੇ ਪੰਜਾਬ ਦੀ ਖੇਤੀ ਆਧਾਰਿਤ ਆਰਥਿਕਤਾ ਨੂੰ ਤਬਾਹ ਕਰ ਦਿੱਤਾ ਜਾਵੇਗਾ। ਇਸ ਰੋਸ ਧਰਨੇ ਨੂੰ ਇੰਜੀ :ਪਰਮਿੰਦਰ ਸਿੰਘ , ਸਰਬਜੀਤ ਸਿੰਘ ਭਾਣਾ , ਗੁਰਭੇਜ ਸਿੰਘ ਢਿੱਲੋਂ , ਸਰਿੰਦਰਪਾਲ ਲਹੌਰੀਆ, ਬਲਜੀਤ ਸਿੰਘ ਮੋਦਲਾ, ਰਵੇਲ ਸਿੰਘ ਸਹਾਏਪੁਰ , ਦਵਿੰਦਰ ਸਿੰਘ ਪਿਸੋਰ , ਰਣਜੀਤ ਸਿੰਘ ਢਿੱਲੋਂ , ਜਸਬੀਰ ਸਿੰਘ ਆਂਡਲੂ , ਦਲੀਪ ਕੁਮਾਰ, ਰਾਧੇਸ਼ਿਆਮ ,ਬਾਬਾ ਅਮਰਜੀਤ ਸਿੰਘ ,ਕੌਰ ਸਿੰਘ ਸੋਹੀ , ਬਲਵਿੰਦਰ ਸਿੰਘ , ਦਲੀਪ ਕੁਮਾਰ , ਗੁਰਪਿਆਰ ਸਿੰਘ ਤੋਂ ਇਲਾਵਾ ਵੱਖ - ਵੱਖ ਕਿਸਾਨ ਅਤੇ ਮਜਦੂਰ ਜਥੇਬੰਦੀਆਂ ਦੇ ਆਗੂਆਂ ਪੰਜਾਬ ਏਟਕ ਦੇ ਜਨਰਲ ਸਕੱਤਰ ਕਾਮਰੇਡ ਨਿਰਮਲ ਸਿੰਘ ਧਾਲੀਵਾਲ , ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਸੂਬਾ ਆਗੂ ਸੁਦਾਗਰ ਸਿੰਘ ,ਕਿਸਾਨ ਮਜਦੂਰ ਮੋਰਚਾ ਦੇ ਬਲਦੇਵ ਸਿੰਘ ਜੀਰਾ ,ਭਾਰਤੀ ਕਿਸਾਨ ਮਜਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਦਿਲਬਾਗ ਸਿੰਘ ਗਿੱਲ ,ਕੁੱਲ ਹਿੰਦ ਕਿਸਾਨ ਸਭਾ 1936 ਦੇ ਸੂਬਾ ਵਰਕਿੰਗ ਪ੍ਰਧਾਨ ਮਹਾਂਬੀਰ ਸਿੰਘ ਗਿੱਲ , ਗੁਰਦੀਪ ਸਿੰਘ ਰਾਮਪੁਰਾ ਭਾਰਤੀ ਕਿਸਾਨ ਯੂਨੀਅਨ ਡਕੌਂਦਾ, ਜਗਦੇਵ ਸਿੰਘ ਲਲਤੋਂ ਸਕੱਤਰ ਦਸਮੇਸ਼ ਕਿਸਾਨ ਮਜ਼ਦੂਰ ਯੂਨੀਅਨ, ਰਮਿੰਦਰ ਸਿੰਘ ਪਟਿਆਲਾ ਕਿਰਤੀ ਕਿਸਾਨ ਯੂਨੀਅਨ , ਪੰਜਾਬ ਗੌਰਮਿੰਟ ਟ੍ਰਾਂਸਪੋਰਟ ਵਰਕਰ ਯੂਨੀਅਨ ਏਟਕ ਦੇ ਸੂਬਾ ਆਗੂ ਜਗਦੀਸ ਸਿੰਘ ਚਾਹਲ, ਰਣਜੀਤ ਸਿੰਘ ਰਾਣਵਾਂ ਸੂਬਾ ਪ੍ਰਧਾਨ ਪਸਸਫ ਅਤੇ ਕਨਵੀਨਰ ਸਾਂਝਾ ਫਰੰਟ ਪੰਜਾਬ , ਦੇਵਰਾਜ ਸੂਬਾ ਆਗੂ ਪੈਨਸ਼ਨਰ ਐਸੋਸੀਏਸ਼ਨ , ਜਮਹੂਰੀ ਕਿਸਾਨ ਸਭਾ ਦੇ ਗੁਰਮੇਲ ਸਿੰਘ ਰੂਮੀ , ਡਾਕਟਰ ਗੁਲਜਾਰ ਸਿੰਘ ਪੰਧੇਰ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ,ਅਮਰੀਕ ਸਿੰਘ ਹਲਵਾਰਾ ਬੀ ਕੇ ਯੂ ਸਿੱਧੂਪੁਰ , ਹਰਭਜਨ ਸਿੰਘ ਸਾਬਕਾ ਆਗੂ ਜੁਆਇੰਟ ਫੋਰਮ ਨੇ ਪੰਜਾਬ ਸਰਕਾਰ ਦੀ ਜਾਇਦਾਦਾਂ ਵੇਚਣ ਦੀ ਲੋਕ ਵਿਰੋਧੀ ਅਤੇ ਘਟੀਆ ਤਜਵੀਜ਼ ਦੀ ਜੋਰਦਾਰ ਨਿੰਦਾ ਕੀਤੀ ਅਤੇ ਅਹਿਦ ਕੀਤਾ ਕਿ ਸਾਂਝੇ ਸੰਘਰਸ਼ਾਂ ਰਾਹੀਂ ਅਦਾਰੇ ਦੀਆਂ ਜਾਇਦਾਦਾਂ ਵੇਚਣ ਅਤੇ ਬਿਜਲੀ ਸੋਧ ਬਿੱਲ 2025 ਦਾ ਡਟਵਾਂ ਵਿਰੋਧ ਕੀਤਾ ਜਾਵੇਗਾ । ਰੋਸ ਧਰਨੇ ਤੋਂ ਬਾਅਦ ਧਰਨਾਕਾਰੀਆਂ ਨੇ ਬਿਜਲੀ ਮੰਤਰੀ ਖਿਲਾਫ਼ ਰੋਹ ਭਰਪੂਰ ਨਾਅਰੇਬਾਜ਼ੀ ਕਰਦੇ ਹੋਏ ਝੰਡਾ ਮਾਰਚ ਕੀਤਾ ਅਤੇ ਪੰਜਾਬ ਸਰਕਾਰ ਦੇ ਨਾਂਹ ਪੱਖੀ ਰਵੱਈਏ ਖਿਲਾਫ਼ ਐਲਾਨ ਕੀਤਾ ਕਿ ਅਗਲੇ ਸੰਘਰਸ਼ ਵਜੋਂ 09 ਨਵੰਬਰ ਨੂੰ ਵਿਧਾਨ ਸਭਾ ਹਲਕਾ ਤਰਨ ਤਾਰਨ ਜਿੱਥੇ ਜ਼ਿਮਨੀ ਚੋਣ ਹੋ ਰਹੀ ਹੈ ਵਿਖੇ ਵਿਸ਼ਾਲ ਰੋਸ ਮਾਰਚ ਕੀਤਾ ਜਾਵੇਗਾ। ਜੇਕਰ ਫ਼ਿਰ ਵੀ ਪੰਜਾਬ ਸਰਕਾਰ ਨੇ ਜਾਇਦਾਦਾਂ ਵੇਚਣ ਅਤੇ ਬਿਜਲੀ ਬਿੱਲ ਦੇ ਖਰੜੇ ਦੀ ਤਜਵੀਜ਼ ਰੱਦ ਨਾ ਕੀਤੀ ਤਾਂ ਪੰਜਾਬ ਦੀਆਂ ਸਮੁੱਚੀਆਂ ਸੰਘਰਸ਼ਸ਼ੀਲ ਜਥੇਬੰਦੀਆਂ ਸਾਂਝੀ ਮੀਟਿੰਗ ਕਰਕੇ ਅਗਲੇ ਸੰਘਰਸ਼ ਦੀ ਵਿਉਂਤਬੰਦੀ ਕਰਨਗੀਆਂ ਅੱਜ ਦੇ ਝੰਡਾ ਮਾਰਚ ਵਿੱਚ ਸ਼ਾਮਲ ਧਰਨਾਕਾਰੀਆਂ ਦੇ ਰੋਹ ਨੂੰ ਭਾਂਪਦਿਆਂ ਬਿਜਲੀ ਮੰਤਰੀ ਦੀ ਰਹਾਇਸ਼ ਤੇ ਪ੍ਰਸ਼ਾਸਨ ਦੀ ਤਰਫ਼ੋ ਤਹਿਸੀਲਦਾਰ ਪੱਛਮੀ ਯਾਸ਼ੂ ਬਾਂਸਲ ਵੱਲੋ ਮੰਗ ਪੱਤਰ ਲਿਆ।

# 4 ਤੋਂ 6 ਨਵੰਬਰ ਤੱਕ ਹੋਣ ਵਾਲੇ ਦਿਵਯ ਧਰਮ ਯੱਗ ਦਿਵਸ ਲਈ ਤਿਆਰੀਆਂ ਜੋਰਾਂ 'ਤੇ


## ਵਿਸ਼ਾਲ ਸਮਾਗਮ ਲਈ ਸਾਰੇ ਪ੍ਰਬੰਧ ਮੁਕੰਮਲ, ਸੇਵਾਦਾਰ ਪੂਰੇ ਜੋਸ਼ ਨਾਲ ਸੇਵਾ ਲਈ ਤੱਤਪਰ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 02 ਨਵੰਬਰ INTERNATIONAL PAPER, 94636 01616 hardipchumber57@gmail.com

ਸੰਗਰੂਰ,2 ਨਵੰਬਰ (ਜਗਸੀਰ ਸਿੰਘ)-

ਸੰਤ ਰਾਮਪਾਲ ਜੀ ਮਹਾਰਾਜ ਜੀ ਦੀ ਪਵਿੱਤਰ ਰਹਿਨੁਮਾਈ ਹੇਠ ਆਉਣ ਵਾਲੇ ਦਿਵਯ ਧਰਮ ਯੱਗ ਦਿਵਸ ਦੀ ਤਿਆਰੀਆਂ ਸਤਲੋਕ ਆਸ਼ਰਮਾਂ ਵਿੱਚ ਪੂਰੇ ਜੋਸ਼ ਨਾਲ ਜਾਰੀ ਹਨ,04 ਤੋਂ 06 ਨਵੰਬਰ ਤੱਕ ਸਤਲੋਕ ਆਸ਼ਰਮ ਧੂਰੀ, ਖਮਾਣੋਂ ਸਮੇਤ ਦੇਸ਼ ਭਰ ਦੇ 13 ਸਤਲੋਕ ਆਸ਼ਰਮਾਂ ਵਿੱਚ ਇਹ ਪਵਿੱਤਰ ਸਮਾਰੋਹ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਮੌਕੇ ਵਿਸ਼ਾਲ ਭੰਡਾਰੇ ਦਾ ਪ੍ਰਬੰਧ ਕੀਤਾ ਗਿਆ ਹੈ ਜਿਸ ਵਿੱਚ ਹਜ਼ਾਰਾਂ ਸ਼ਰਧਾਲੂਆਂ ਦੇ ਸ਼ਾਮਲ ਹੋਣ ਦੀ ਉਮੀਦ ਹੈ।

ਇਸ ਸੰਬੰਧੀ ਸੇਵਾਦਾਰਾਂ ਦੀ ਵਿਸ਼ੇਸ਼ ਮੀਟਿੰਗ ਸਤਲੋਕ ਆਸ਼ਰਮ ਖਮਾਣੋਂ ਵਿਖੇ ਹੋਈ



ਜਿਸ ਵਿੱਚ ਪੂਰੇ ਸਮਾਗਮ ਦੌਰਾਨ ਕੀਤੇ ਜਾਣ ਵਾਲੇ ਪ੍ਰਬੰਧਾਂ ਸਬੰਧੀ ਵਿਸਥਾਰ ਨਾਲ ਗੱਲਬਾਤ ਕੀਤੀ ਗਈ। ਮੀਟਿੰਗ ਵਿੱਚ ਵੱਖ-ਵੱਖ ਵਿਭਾਗਾਂ ਦੇ ਸੇਵਾਦਾਰਾਂ ਨੇ ਹਿੱਸਾ ਲਿਆ ਅਤੇ ਆਉਣ ਵਾਲੇ ਸ਼ਰਧਾਲੂਆਂ ਦੀ ਸਹੂਲਤ, ਰਹਿਣ-ਸਹਿਣ, ਆਵਾਜਾਈ, ਸੁਰੱਖਿਆ, ਅਤੇ ਸਫਾਈ ਆਦਿ ਸਬੰਧੀ ਪ੍ਰਬੰਧਾਂ ਦੀ ਸਮੀਖਿਆ ਕੀਤੀ।

ਸੰਤ ਰਾਮਪਾਲ ਜੀ ਮਹਾਰਾਜ ਦੀ ਪ੍ਰੇਰਣਾ ਨਾਲ ਹਰ ਸਾਲ ਮਨਾਇਆ ਜਾਣ ਵਾਲਾ ਇਹ ਦਿਵਯ ਧਰਮ ਯੱਗ ਦਿਵਸ ਕਬੀਰ ਸਾਹਿਬ ਜੀ ਵੱਲੋਂ ਅੱਜ ਤੋਂ 512 ਸਾਲ ਪਹਿਲਾਂ ਕਾਸ਼ੀ ਸ਼ਹਿਰ ਵਿੱਚ ਕਰਵਾਏ ਗਏ ਅਲੌਕਿਕ ਭੰਡਾਰੇ ਦੀ ਯਾਦ ਵਜੋਂ ਮਨਾਇਆ ਜਾ ਰਿਹਾ ਹੈ। ਇਸ ਮੌਕੇ 4 ਨਵੰਬਰ ਨੂੰ ਸੰਤ ਗਰੀਬ ਦਾਸ ਜੀ ਮਹਾਰਾਜ ਜੀ ਦੀ ਅੰਮ੍ਰਿਤਮਈ ਬਾਣੀ ਦੇ ਪਾਠ ਪ੍ਰਕਾਸ਼ ਹੋਣਗੇ ਪੰਜ ਨਵੰਬਰ ਨੂੰ ਵਿਸ਼ਾਲ ਖੂਨਦਾਨ ਕੈਂਪ ਅਤੇ ਦਹੇਜ ਰਹਿਤ ਵਿਆਹ ਆਯੋਜਿਤ ਕੀਤੇ ਜਾਣਗੇ ਛੇ ਨਵੰਬਰ ਨੂੰ ਬਾਣੀ ਦੇ ਭੋਗ ਨਾਲ ਸਮਾਗਮ ਦੀ ਸਮਾਪਤੀ ਹੋਵੇਗੀ। ਤਿੰਨੇ ਦਿਨ ਸੰਤ ਰਾਮਪਾਲ ਜੀ ਮਹਾਰਾਜ ਪ੍ਰੋਜੈਕਟ ਰਾਹੀਂ ਵਰਚੁਅਲ ਸਤਸੰਗ ਕਰਨਗੇ।ਮੀਟਿੰਗ ਦੌਰਾਨ ਇਹ ਵੀ ਫੈਸਲਾ ਲਿਆ ਗਿਆ ਕਿ ਸਾਰੇ ਸੇਵਾਦਾਰ ਆਪਣੇ-ਆਪਣੇ ਵਿਭਾਗਾਂ ਅਨੁਸਾਰ ਸਮੇਂ-ਸਿਰ ਸੇਵਾ ਨਿਭਾਉਣਗੇ ਅਤੇ ਸ਼ਰਧਾਲੂਆਂ ਨੂੰ ਕਿਸੇ ਵੀ ਕਿਸਮ ਦੀ ਅਸੁਵਿਧਾ ਨਾ ਆਵੇ, ਇਸ ਲਈ ਖਾਸ ਨਿਗਰਾਨੀ ਟੀਮਾਂ ਤੈਨਾਤ ਕੀਤੀਆਂ ਜਾਣਗੀਆਂ। ਆਉਣ ਵਾਲੇ ਸ਼ਰਧਾਲੂਆਂ ਲਈ ਸੁਵਿਧਾ ਅਤੇ ਸੁਰੱਖਿਆ ਵਿਵਸਥਾ ਉੱਤੇ ਵਿਸ਼ੇਸ਼ ਧਿਆਨ ਕੇਂਦਰਿਤ ਕੀਤਾ ਜਾਵੇਗਾ। ਸੰਤ ਰਾਮਪਾਲ ਜੀ ਮਹਾਰਾਜ ਦੇ ਸ਼ਰਧਾਲੂਆਂ ਨੇ ਕਿਹਾ ਕਿ ਇਹ ਸਮਾਗਮ ਸਿਰਫ ਇੱਕ ਧਾਰਮਿਕ ਉਤਸਵ ਨਹੀਂ, ਸਗੋਂ ਆਧਿਆਤਮਿਕ ਜਾਗਰੂਕਤਾ ਅਤੇ ਮਨੁੱਖਤਾ ਦੇ ਪ੍ਰਚਾਰ ਦਾ ਪ੍ਰਤੀਕ ਹੈ। ਸਤਲੋਕ ਆਸ਼ਰਮਾਂ ਵਿੱਚ ਹੋਣ ਵਾਲੇ ਇਹ ਸਮਾਗਮ ਕਬੀਰ ਸਾਹਿਬ ਜੀ ਦੇ ਸੱਚੇ ਸੰਦੇਸ਼ ਨੂੰ ਮਾਨਵਤਾ ਤੱਕ ਪਹੁੰਚਾਉਣ ਦਾ ਯਤਨ ਹਨ।

ਐਵੇਂ ਤਾਂ ਨੀ ਸਿਰਾਂ ਦੇ ਉੱਤੇ ਤਾਜ ਸਜ਼ਦੇ, ਮਿਹਨਤਾਂ ਹੀ, ਜਿੰਦਗੀ ਚ ਰੰਗ ਲਾਉਂਦੀਆਂ।
ਸੁੱਤਿਆਂ ਦੇ ਸਿਰਾਂ ਤੇ ਨੀ ਤਾਜ ਸਜ਼ਦੇ, ਮਿਹਨਤਾਂ ਹੀ, ਜਿੰਦਗੀ ਚ ਰੰਗ ਲਾਉਂਦੀਆਂ।
ਜਿਹਨਾਂ ਦਿਆਂ ਸਿਰਾਂ ਤੇ ਜਨੂੰਨ ਬੋਲਦਾ, ਰਾਤਾਂ ਨੂੰ ਨਾਂ, ਉਹਨਾਂ ਨੂੰ ਨੀਂਦਾਂ ਆਉਂਦੀਆਂ।

# ਸਾਂਝਾ ਅਧਿਆਪਕ ਮੋਰਚਾ ਕੈਬਨਿਟ ਸਬ ਕਮੇਟੀ ਨਾਲ ਮੀਟਿੰਗ ਵਿੱਚ ਸਮੂਹ ਕਨਵੀਨਰਾਂ ਅਤੇ ਕੋ-ਕਨਵੀਨਰਾਂ ਨਾਲ ਸ਼ਮੂਲੀਅਤ ਕਰੇਗਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 02 ਨਵੰਬਰ INTERNATIONAL PAPER, 94636 01616 hardipchumber57@gmail.com

ਚੰਡੀਗੜ੍ਹ /ਮੋਹਾਲੀ 02 ਨਵੰਬਰ ( ) ਡਾਇਰੈਕਟਰ ਸਕੂਲ ਸਿੱਖਿਆ ( ਸੈਕੰਡਰੀ) ਪੰਜਾਬ ਦੀ ਕੋਆਰਡੀਨੇਸ਼ਨ ਸ਼ਾਖਾ ਵਲੋਂ 31 ਅਕਤੂਬਰ ਨੂੰ ਜਾਰੀ ਕੀਤੇ ਪੱਤਰ ਰਾਹੀਂ ਵਿੱਤ ਮੰਤਰੀ ਦੀ ਪ੍ਰਧਾਨਗੀ ਹੇਠ ਕੈਬਨਿਟ ਸਬ ਕਮੇਟੀ ਨਾਲ ਅਧਿਆਪਕਾਂ ਦੀਆਂ ਜਥੇਬੰਦੀਆਂ ਨੂੰ ਵਿੱਤੀ ਮੰਗਾਂ ਸਬੰਧੀ 3 ਨਵੰਬਰ ਨੂੰ 4 ਵਜੇ ਪੰਜਾਬ ਭਵਨ, ਚੰਡੀਗੜ੍ਹ ਵਿਖੇ ਹੋ ਰਹੀ ਮੀਟਿੰਗ ਵਿੱਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ ਹੈ।

ਇਸ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਸਾਂਝੇ ਅਧਿਆਪਕ ਮੋਰਚੇ ਦੇ ਕਨਵੀਨਰਾਂ ਅਤੇ ਕੋ-ਕਨਵੀਨਰਾਂ ਦੀ ਵਰਚੁਅਲ ਮੀਟਿੰਗ ਕੀਤੀ ਗਈ। ਜਿਸ ਵਿੱਚ ਹਰਜੰਟ ਸਿੰਘ, ਤੇਜਿੰਦਰ ਸਿੰਘ ਸ਼ਾਹ, ਲਛਮਣ ਸਿੰਘ ਨਬੀਪੁਰ, ਸਤਨਾਮ ਸਿੰਘ, ਸੁਰਿੰਦਰ ਕੰਬੋਜ, ਸੁਖਵਿੰਦਰ ਸਿੰਘ ਚਾਹਲ, ਸੁਰਿੰਦਰ ਕੁਮਾਰ ਪੁਆਰੀ, ਹਰਵਿੰਦਰ ਸਿੰਘ ਬਿਲਗਾ, ਬਾਜ ਸਿੰਘ ਖਹਿਰਾ, ਸੁਖਜਿੰਦਰ ਸਿੰਘ ਹਰੀਕਾ ਆਦਿ ਹਾਜ਼ਰ ਸਨ।

ਕੈਬਨਿਟ ਸਬ ਕਮੇਟੀ ਨਾਲ ਮੀਟਿੰਗ ਵਿੱਚ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ, ਉਚੇਰੀ ਗ੍ਰੇਡ ਪੇਅ ਬਹਾਲ ਕਰਦਿਆਂ ਇੱਕ ਜਨਵਰੀ 2016 ਤੋਂ ਬਣਦਾ 125% ਮਹਿੰਗਾਈ ਭੱਤਾ ਜੋੜ ਕੇ 2.59 ਗੁਣਾਂਕ ਨਾਲ ਤਨਖਾਹ ਦੁਹਰਾਈ ਕਰਨ, ਸੋਧ ਦੇ ਨਾਂ 'ਤੇ ਬੰਦ ਕੀਤੇ ਪੇਂਡੂ ਭੱਤੇ ਸਮੇਤ ਸਮੁੱਚੇ ਭੱਤੇ ਸੋਧ ਕੇ ਬਹਾਲ ਕਰਨ, ਏਸੀਪੀ ਸਕੀਮ ਬਹਾਲ ਕਰਨ, ਛੇਵੇਂ ਤਨਖਾਹ ਕਮਿਸ਼ਨ ਦੀ ਪੂਰੀ ਰਿਪੋਰਟ (ਸਮੇਤ ਏਸੀਪੀ) ਜਾਰੀ ਕਰਨ, ਕੋਠਾਰੀ ਕਮਿਸ਼ਨ ਦੀਆਂ ਸਿਫਾਰਿਸ਼ਾਂ ਅਨੁਸਾਰ ਹਰ ਪੰਜ ਸਾਲ ਬਾਅਦ ਅਧਿਆਪਕਾਂ ਦੀ ਤਨਖਾਹ ਦੁਹਰਾਈ ਕਰਨ, ਮਹਿੰਗਾਈ ਭੱਤੇ ਦੀਆਂ ਰਹਿੰਦੀਆਂ ਕਿਸ਼ਤਾਂ ਜਾਰੀ ਕਰਨ, ਤਨਖਾਹ ਦੁਹਰਾਈ ਅਤੇ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਦੇ ਬਕਾਏ ਯਕਮੁਸ਼ਤ ਜਾਰੀ ਕਰਨ,15-01-2015 ਦਾ ਮੁਢਲੀ ਤਨਖਾਹ 'ਤੇ ਨਿਯੁਕਤੀ ਦਾ ਨੋਟੀਫਿਕੇਸ਼ਨ ਰੱਦ ਕਰਨ, 17-07-2020 ਦਾ ਕੇਂਦਰੀ ਸਕੇਲ ਲਾਗੂ ਕਰਨ ਦਾ ਪੱਤਰ ਰੱਦ ਕਰਨ, ਕਰੋਨਾ ਕਾਲ ਵਿੱਚ ਜਾਨ ਗਵਾਉਣ ਵਾਲੇ ਅਧਿਆਪਕਾਂ ਦੇ ਵਾਰਸਾਂ ਨੂੰ 50 ਲੱਖ ਐਕਸ ਗ੍ਰੇਸ਼ੀਆ ਗਰਾਂਟ ਅਤੇ ਸਰਕਾਰੀ ਨੌਕਰੀ ਦੇਣ, ਕੰਪਿਊਟਰ ਅਧਿਆਪਕਾਂ, ਆਦਰਸ਼ ਸਕੂਲਾਂ ਦੇ ਸਟਾਫ, ਮੈਰੀਟੋਰੀਅਸ ਸਕੂਲਾਂ ਦੇ ਸਟਾਫ, ਐਸੋਸੀਏਟ ਅਧਿਆਪਕਾਂ, ਨਾਨ ਟੀਚਿੰਗ ਸਟਾਫ ਅਤੇ ਐਨ ਐਸ ਕਿਊ ਐਫ ਅਧਿਆਪਕਾਂ ਨੂੰ ਪੂਰੇ ਸਕੇਲ ਵਿੱਚ ਸਿੱਖਿਆ ਵਿਭਾਗ ਵਿੱਚ ਮਰਜ / ਪੱਕੇ ਕਰਨ ਅਤੇ ਛੇਵੇਂ ਤਨਖਾਹ ਕਮਿਸ਼ਨ ਦੀ ਰਿਪੋਰਟ ਲਾਗੂ ਕਰਨ, ਪਿਛਲੇ ਸਮੇਂ ਵਿੱਚ ਕੁਝ ਵਰਗਾਂ ਦੀ ਖਤਮ ਕੀਤੀ ਪੇਅ ਪੈਰਿਟੀ (ਐਸ ਐਲ ਏ 10300-34800+3200 ਸਮੇਤ) ਬਹਾਲ ਕਰਨ, ਮਾਨਯੋਗ ਅਦਾਲਤਾਂ ਵੱਲੋਂ ਅਧਿਆਪਕਾਂ ਦੇ ਹੱਕ ਵਿੱਚ ਕੀਤੇ ਗਏ ਫੈਸਲੇ ਜਨਰਲਾਈਜ਼ ਕਰਨ ਅਤੇ ਇਹਨਾਂ ਫੈਸਲਿਆਂ ਵਿਰੁੱਧ ਸਰਕਾਰ ਵੱਲੋਂ ਪਾਈਆਂ ਐਸ ਐਲ ਪੀਜ਼ ਵਾਪਸ ਲੈਣ, ਪੀ.ਟੀ.ਆਈ., ਆਰਟ ਐਂਡ ਕਰਾਫਟ ਆਦਿ ਅਧਿਆਪਕਾਂ ਨਾਲ ਸੰਬੰਧਿਤ ਰਿਕਵਰੀ ਪੱਤਰ ਤੁਰੰਤ ਰੱਦ ਕਰਨ, ਸਟੇਟ ਅਤੇ ਨੈਸ਼ਨਲ ਅਵਾਰਡੀ ਅਧਿਆਪਕਾਂ ਨੂੰ ਵਾਧੇ ਦੌਰਾਨ ਮਿਲਦੀ ਸਲਾਨਾ ਤਰੱਕੀ, ਜੋ ਸਰਕਾਰ ਵੱਲੋਂ ਬੰਦ ਕੀਤੀ ਹੋਈ ਹੈ, ਬਹਾਲ ਕਰਨ ਆਦਿ ਮੰਗਾਂ ਮਜਬੂਤੀ ਨਾਲ ਉਠਾਉਣ ਦਾ ਫੈਸਲਾ ਕੀਤਾ ਗਿਆ।

ਮੀਟਿੰਗ ਵਿੱਚ ਇਹ ਵੀ ਫੈਸਲਾ ਕੀਤਾ ਗਿਆ ਕਿ ਵਿੱਤ ਮੰਤਰੀ ਦੀ ਪ੍ਰਧਾਨਗੀ ਹੇਠ ਕੈਬਨਿਟ ਸਬ ਕਮੇਟੀ ਨਾਲ ਹੋਣ ਵਾਲੀ ਮੀਟਿੰਗ ਵਿੱਚ ਮੋਰਚੇ ਦੇ ਦੋ ਆਗੂਆਂ ਦੀ ਬਜਾਏ ਸਮੂਹ ਕਨਵੀਨਰ ਅਤੇ ਕੋ-ਕਨਵੀਨਰ ਸ਼ਮੂਲੀਅਤ ਕਰਨਗੇ। ਸਮੂਹ ਕਨਵੀਨਰਾਂ ਅਤੇ ਕੋ-ਕਨਵੀਨਰਾਂ ਦੀ ਮੀਟਿੰਗ ਵਿੱਚ ਸ਼ਮੂਲੀਅਤ ਨਾ ਕਰਵਾਉਣ 'ਤੇ ਕੈਬਨਿਟ ਸਬ ਕਮੇਟੀ ਵਲੋਂ ਅਧਿਆਪਕਾਂ ਦੀਆਂ ਵਿੱਤੀ ਮੰਗਾਂ ਲਈ ਅਖੌਤੀ ਮੀਟਿੰਗ ਦੀ ਡਰਾਮੇਬਾਜੀ ਦਾ ਵਿਰੋਧ ਕੀਤਾ ਜਾਵੇਗਾ ਅਤੇ ਸੰਘਰਸ਼ ਦੀ ਅਗਲੀ ਰੂਪ ਰੇਖਾ ਉਲੀਕੀ ਜਾਵੇਗੀ।

# ਵਿਕਾਸ ਮਿਸ਼ਨ ਪ੍ਰਤਿਭਾਸ਼ਾਲੀ ਔਰਤਾਂ ਅਤੇ ਲੜਕੀਆਂ ਨੂੰ ਸਨਮਾਨਿਤ ਕਰੇਗਾ : ਢੇਸੀਵਾਲ

## ਜਲਦੀ ਹੋਵੇਗਾ ਵਿਸ਼ੇਸ਼ ਸਮਾਗਮ

"Equality and justice"
Patiala 02 November
INTERNATIONAL PAPER, 94636 01616
hardipchumber57@gmail.com

ਸ੍ਰੀ ਮੁਕਤਸਰ ਸਾਹਿਬ, 02 ਨਵੰਬਰ ( ) ਸਮਾਜ ਦੇ ਭਲੇ ਅਤੇ ਵਿਕਾਸ ਨੂੰ ਸਮਰਿਪਤ ਪ੍ਰਮੁੱਖ ਵਰਕਿੰਗ ਗੈਰ ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਪਿਛਲੇ ਕਈ ਸਾਲਾਂ ਤੋਂ ਸਮਾਜ ਵਿੱਚ ਵੱਖ-ਵੱਖ ਖੇਤਰਾਂ ਵਿੱਚ ਇਲਾਕੇ ਦਾ ਨਾਂ ਚਮਕਾਉਣ ਵਾਲੇ ਪ੍ਰਤਿਭਾਸ਼ਾਲੀ ਵਿਅਕਤੀਆਂ ਨੂੰ ਸਨਮਾਨਿਤ ਕਰਦਾ ਆ ਰਿਹਾ ਹੈ। ਇਸੇ ਲੜੀ ਨੂੰ ਅੱਗੇ ਤੋਰਦੇ ਹੋਏ ਮਿਸ਼ਨ ਵੱਲੋਂ ਵੱਖ-ਵੱਖ ਖੇਤਰਾਂ ਵਿੱਚ ਨਾਮਣਾ ਖੱਟਣ ਵਾਲੀਆਂ ਪ੍ਰਤਿਭਾਸ਼ਾਲੀ ਔਰਤਾਂ ਅਤੇ ਲੜਕੀਆਂ ਨੂੰ ਸਨਮਾਨਿਤ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਸਬੰਧੀ ਵਿਸ਼ੇਸ਼ ਸਮਾਗਮ ਜਲਦੀ ਹੀ ਸਥਾਨਕ ਰੇਲਵੇ ਰੋਡ ਸਥਿਤ ਸਿਟੀ ਹੋਟਲ ਵਿਖੇ ਆਯੋਜਿਤ ਕੀਤਾ ਜਾਵੇਗਾ। ਇਸ ਸਮਾਗਮ ਦੌਰਾਨ ਉਕਤ ਔਰਤਾਂ ਅਤੇ ਲੜਕੀਆਂ ਨੂੰ ਮਿਸ਼ਨ ਵੱਲੋਂ ਯਾਦਗਾਰੀ ਸਨਮਾਨ ਚਿੰਨ੍ਹ ਦੇ ਕੇ ਉਨ੍ਹਾਂ ਦੀ ਹੌਂਸਲਾ ਅਫਜਾਈ ਕੀਤੀ ਜਾਵੇਗੀ। ਅੱਜ ਇਥੇ ਇਹ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਢੇਸੀਵਾਲ ਨੇ ਦੱਸਿਆ ਹੈ ਕਿ ਇਸ ਸਮਾਗਮ ਦਾ ਮੁੱਖ ਮੰਤਵ ਪ੍ਰਤਿਭਾਸ਼ਾਲੀ ਔਰਤਾਂ ਅਤੇ ਲੜਕੀਆਂ ਨੂੰ ਸਮਾਜ ਵਿੱਚ ਮਾਣ-ਤਾਣ ਦੇਣਾ, ਉਨ੍ਹਾਂ ਦਾ ਮਨੋਬਲ ਵਧਾਉਣਾ ਅਤੇ ਹੋਰਨਾਂ ਨੂੰ ਅਜਿਹੀਆਂ ਪ੍ਰਤਿਭਾਂਵਾਂ ਲਈ ਪ੍ਰੇਰਿਤ ਕਰਨਾ ਹੈ। ਪ੍ਰਧਾਨ ਢੇਸੀਵਾਲ ਨੇ ਦੱਸਿਆ ਹੈ ਕਿ ਕਿਸੇ ਵੀ ਖੇਤਰ ਵਿੱਚ ਨਾਮਣਾ ਖੱਟਣ ਵਾਲੀਆਂ ਔਰਤਾਂ ਜਾਂ ਲੜਕੀਆਂ ਆਪਣੇ ਬਾਰੇ ਪੂਰੀ ਜਾਣਕਾਰੀ ਆਉਂਦੀ 09 ਨਵੰਬਰ ਐਤਵਾਰ ਤੱਕ ਉਨ੍ਹਾਂ ਦੇ ਮੋਬਾਇਲ ਨੰਬਰ 99144-23732 'ਤੇ ਆਪਣੀ ਤਾਜ਼ਾ ਫੋਟੋ ਸਮੇਤ ਵਟਸਐਪ ਰਾਹੀਂ ਭੇਜ ਸਕਦੀਆਂ ਹਨ। ਢੇਸੀਵਾਲ ਨੇ ਸਪੱਸ਼ਟ ਕੀਤਾ ਹੈ ਕਿ ਕਿਸੇ



ਵੀ ਲੜਕੀ ਜਾਂ ਔਰਤ ਨੂੰ ਉਸ ਦੇ ਪਰਿਵਾਰ ਦੀ ਸਹਿਮਤੀ ਤੋਂ ਬਿਨਾਂ ਇਸ ਸਮਾਰੋਹ ਵਿੱਚ ਸ਼ਾਮਿਲ ਨਹੀਂ ਕੀਤਾ ਜਾਵੇਗਾ। ਢੇਸੀਵਾਲ ਨੇ ਇਹ ਵੀ ਜਾਣਕਾਰੀ ਦਿੱਤੀ ਹੈ ਕਿ ਉਕਤ ਸਮਾਰੋਹ ਦੌਰਾਨ ਛੋਟੀਆਂ ਬੱਚੀਆਂ ਵੱਲੋਂ ਸਭਿਆਚਾਰਕ ਕਲਚਰਲ ਪ੍ਰੋਗਰਾਮ ਵੀ ਪੇਸ਼ ਕੀਤਾ ਜਾਵੇਗਾ।

# ਜ਼ਿਲ੍ਹੇ ਵਿਚ ਚਾਈਨਾ ਡੋਰ ਬਣਾਉਣ, ਵਿਕਰੀ ਅਤੇ ਵਰਤੋਂ 'ਤੇ ਮੁਕੰਮਲ ਪਾਬੰਦੀ

"Equality and justice"
Patiala 02 November
INTERNATIONAL PAPER, 94636 01616
hardipchumber57@gmail.com

ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ) ਜ਼ਿਲ੍ਹਾ ਮੈਜਿਸਟ੍ਰੇਟ ਅੰਕੁਰਜੀਤ ਸਿੰਘ ਨੇ ਭਾਰਤੀ ਨਾਗਰਿਕ ਸੁਰਕਸ਼ਾ ਸੰਹਿਤਾ, 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹੇ ਦੇ ਸ਼ਹਿਰੀ ਅਤੇ ਦਿਹਾਤੀ ਖੇਤਰ ਵਿਚ ਪੈਂਦੇ ਥਾਣਿਆਂ ਦੇ ਇਲਾਕਿਆਂ ਅੰਦਰ ਪਤੰਗ/ਗੁੱਡੀਆਂ ਉਡਾਉਣ ਲਈ ਨਾਈਲੋਨ/ਸਿੰਥੈਟਿਕ/ਪਲਾਸਟਿਕ ਦੀ ਬਣੀ ਡੋਰ (ਚਾਈਨਾ ਡੋਰ/ਮਾਝਾ) ਨੂੰ ਬਣਾਉਣ, ਵੇਚਣ, ਸਟੋਰ ਕਰਨ, ਖ਼ਰੀਦਣ, ਸਪਲਾਈ ਕਰਨ, ਬਾਹਰੋਂ ਆਯਾਤ ਕਰਨ ਅਤੇ ਇਸ ਦੀ ਵਰਤੋਂ ਕਰਨ 'ਤੇ ਮੁਕੰਮਲ ਤੌਰ 'ਤੇ ਪਾਬੰਦੀ ਲਾਈ ਹੈ। ਜਾਰੀ ਹੁਕਮਾਂ ਅਨੁਸਾਰ ਪਤੰਗ/ਗੁਡੀਆਂ ਉਡਾਉਣ ਲਈ ਵਰਤੀ ਜਾਂਦੀ ਨਾਈਲੋਨ/ਸਿੰਥੈਟਿਕ/ਪਲਾਸਟਿਕ ਦੀ ਬਣੀ ਚਾਈਨਾ ਡੋਰ ਬਹੁਤ ਮਜ਼ਬੂਤ, ਨਾ-ਗਲਣਯੋਗ, ਨਾ-ਟੁੱਟਣਯੋਗ ਹੋਣ ਕਰਕੇ ਪਤੰਗ ਉਡਾਉਣ ਵਾਲਿਆਂ ਦੀਆਂ ਉਂਗਲਾਂ ਲਈ ਬੇਹੱਦ ਖਤਰਨਾਕ ਹੈ ਅਤੇ ਸਾਈਕਲ, ਸਕੂਟਰ ਤੇ ਮੋਟਰ ਸਾਈਕਲ ਚਾਲਕਾਂ ਦੇ ਗਲ਼ੇ ਅਤੇ ਕੰਨ 'ਤੇ ਫਿਰ ਜਾਣ ਨਾਲ ਉਨ੍ਹਾਂ ਦਾ ਨੁਕਸਾਨ ਕਰਦੀ ਹੈ। ਇਸ ਤੋ ਇਲਾਵਾ ਇਸ ਡੋਰ ਵਿੱਚ ਉੱਡਦੇ ਪੰਛੀ ਫਸ ਜਾਣ 'ਤੇ ਉਨ੍ਹਾਂ ਦੇ ਮਰਨ ਬਾਰੇ ਵੀ ਕਾਫੀ ਘਟਨਾਵਾਂ ਵਾਪਰਦੀਆਂ ਹਨ। ਇਨ੍ਹਾਂ ਤੱਥਾਂ ਦੇ ਮੱਦੇਨਜ਼ਰ ਇਸ ਡੋਰ ਦੀ ਵਰਤੋ ਆਦਿ 'ਤੇ ਪੂਰਨ ਪਾਬੰਦੀ ਲਾਈ ਜਾਂਦੀ ਹੈ। ਜ਼ਿਲ੍ਹਾ ਪੁਲਿਸ, ਸ਼ਹਿਰੀ ਖੇਤਰਾਂ ਵਿੱਚ ਨਗਰ ਕੌਂਸਲਾਂ ਦੇ ਕਾਰਜਸਾਧਕ



ਅਫ਼ਸਰ ਅਤੇ ਦਿਹਾਤੀ ਇਲਾਕਿਆਂ ਵਿੱਚ ਸਮੂਹ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਇਨ੍ਹਾਂ ਹੁਕਮਾਂ ਨੂੰ ਲਾਗੂ ਕਰਵਾਉਣਗੇ। ਇਹ ਹੁਕਮ 23 ਅਪ੍ਰੈਲ, 2026 ਤੱਕ ਲਾਗੂ ਰਹੇਗਾ।

# 08 ਨਵੰਬਰ ਦੀ ਜੀ ਟੀ ਯੂ ਦੀ ਜਨਰਲ ਕੌਂਸਲ ਦੀ ਤਿਆਰੀ ਸੰਬੰਧੀ ਬਲਾਕ ਫਿਲੌਰ ਵਿੱਚ ਤਿਆਰੀ ਲਈ ਵੱਖ ਵੱਖ ਸਕੂਲਾਂ ਵਿੱਚ ਮੀਟਗਾਂ

"Equality and justice"
Patiala 02 November
INTERNATIONAL PAPER, 94636 01616
hardipchumber57@gmail.com

ਫਿਲੌਰ/ਅੱਪਰਾ 2 ਨਵੰਬਰ (ਦੀਪਾ)-ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੀ ਜਲੰਧਰ ਵਿਖੇ 08 ਨਵੰਬਰ ਨੂੰ ਹੋ ਰਹੀ ਜਨਰਲ ਕੌਂਸਲ ਦੀ ਤਿਆਰੀ ਸਬੰਧੀ ਗੌਰਮਿੰਟ ਟੀਚਰਜ਼ ਯੂਨੀਅਨ ਜਿਲਾ ਜਲੰਧਰ ਦੇ ਫੈਸਲੇ ਅਨੁਸਾਰ ਵੱਖ ਵੱਖ ਸਕੂਲਾਂ ਵਿੱਚ ਮੀਟਗਾਂ ਕੀਤੀਆਂ ਜਾ ਰਹੀਆਂ ਹਨ । ਇਸ ਸੰਬੰਧੀ ਬਲਾਕ ਫ਼ਿਲੌਰ ਦੇ ਕਈ ਸਕੂਲ ਇਸ ਮੁਹਿੰਮ ਤਹਿਤ ਕਵਰ ਕੀਤੇ ਗਏ, ਇਸ ਸੰਬੰਧੀ ਸਰਕਾਰੀ ਹਾਈ ਸਕੂਲ ਮਾਓ ਸਾਹਿਬ, ਪ੍ਰਾਇਮਰੀ ਸਕੂਲ ਮਾਓ ਸਾਹਿਬ, ਮਿਡਲ ਸਕੂਲ ਮੀਆਂਵਾਲ,



ਪ੍ਰਾਇਮਰੀ ਸਕੂਲ ਮੀਆਂਵਾਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਰਤਬਪੁਰਾ, ਸਰਕਾਰੀ ਪ੍ਰਾਇਮਰੀ ਸਕੂਲ ਪਰਤਾਬਪੁਰਾ , ਸਰਕਾਰੀ ਪ੍ਰਾਇਮਰੀ ਸਕੂਲ ਬੇਗਮਪੁਰ, ਸਰਕਾਰੀ ਮਿਡਲ ਸਕੂਲ ਕੰਗ ਅਰਈਆਂ, ਪ੍ਰਾਇਮਰੀ ਸਕੂਲ ਕੰਗ ਆਦਿ ਵਿੱਚ ਮੀਟਿੰਗਾਂ ਕਰਕੇ ਜਿੱਥੇ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੀ ਜਨਰਲ ਕੌਂਸਿਲ ਦੀ ਮਹੱਤਤਾ ਬਾਰੇ ਕਰਨੈਲ ਫ਼ਿਲੌਰ , ਰਾਜਿੰਦਰ ਕੁਮਾਰ, ਸੰਦੀਪ ਕੁਮਾਰ, ਲੇਖ ਰਾਜ ਪੰਜਾਬੀ ਵਲੋਂ ਜਾਣਕਾਰੀ ਦਿੱਤੀ ਅਤੇ ਵਿੱਚ ਦੋ ਨਵੰਬਰ ਨੂੰ ਪੁਰਾਣੀ ਪੈਨਸ਼ਨ ਬਹਾਲੀ ਅਤੇ ਸੀ ਪੀ ਐਫ ਕਰਮ ਚਾਰੀ ਯੂਨੀਅਨ ਵਲੋਂ ਸਾਂਝੇ ਤੋਰ ਤੇ ਝੰਡਾ ਮਾਰਚ ਕਰਨ ਲਈ ਤਰਨ ਤਾਰਨ ਜਿਮਨੀ ਚੋਂਣ ਅਧਿਆਪਕਾਂ ਦੇ ਵੱਖ-ਵੱਖ ਮਸਲਿਆਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ।ਸਰਕਾਰ ਵੱਲੋਂ ਅਧਿਆਪਕਾਂ ਦੀਆਂ ਜਾਇਜ਼ ਤੇ ਹੱਕੀ ਮੰਗਾਂ ਵਿੱਚ ਵਾਰ ਵਾਰ ਟਾਲਮਟੋਲ ਕਰਨ ਦੀ ਨੀਤੀ ਦੀ ਨਿਖੇਧੀ ਕੀਤੀ ਗਈ ਅਧਿਆਪਕਾਂ ਦੇ ਮਸਲਿਆਂ ਅਤੇ ਮੰਗਾਂ ਦੀ ਪ੍ਰਾਪਤੀ ਲਈ ਲਗਾਤਾਰ ਅਤੇ ਬੱਝਵੇਂ ਸੰਘਰਸ਼ ਲਾਮਬੰਦ ਕਰਨ ਲਈ ਪ੍ਰੇਰਿਤ ਕੀਤਾ ਗਿਆ। ਗੋਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜਨਰਲ ਕੌਂਸਲ ਦੇ ਸਬੰਧੀ ਜੋ ਡਿਊਟੀ ਬਲਾਕ ਦੇ ਸਾਥੀਆਂ ਨੂੰ ਸੌਂਪੀ ਗਈ ਹੈ, ਉਸ ਨੂੰ ਕਾਮਯਾਬੀ ਨਾਲ ਨੇਪਰੇ ਚਾੜਨ ਲਈ ਵੱਖ ਵੱਖ ਪਹਿਲੂਆਂ ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਅਮਨ ਕੁਮਾਰ, ਰੋਹਿਤ ਸੋਬਤੀ, ਰਾਜ ਕੁਮਾਰ , ਹਰਭਜਨ ਸਿੰਘ, ਬਹਾਦੁਰ ਸਿੰਘ , ਜਗਸੀਰ ਸਿੰਘ, ਸੁਸ਼ੀਲ ਕੁਮਾਰ, ਪ੍ਰਮਜੀਤ ਸੁਮਨ, ਪੁਸ਼ਪਿੰਦਰ ਕੌਰ, ਨੀਰੂ ਸ਼ਰਮਾ, ਰਾਜਦੀਪ ਕੌਰ, ਰੀਨਾ ਰਾਣੀ, ਹਰਵਿੰਦਰ ਕੌਰ, ਆਰਤੀ, ਗੁਰਪ੍ਰੀਤ ਕੌਰ, ਸਰੋਜ ਰਾਣੀ, ਸਵਰਨਜੀਤ ਕੌਰ, ਹਰਦੀਪ ਕੌਰ ਹਾਜ਼ਰ ਸਨ।

# ਪੰਜਾਬ ਸੰਭਾਲੋ ਮਹਿਮ ਦੀ ਸਫਲਤਾ ਪੰਜਾਬ ਵਿੱਚ ਦੇਵੇਗੀ ਨੌਜਵਾਨਾਂ ਨੂੰ ਰੁਜ਼ਗਾਰ-ਕਰੀਮਪੁਰੀ

## ਪੰਜਾਬ ਸੰਭਾਲੋ ਮੁਹਮ ਦੂਜੇ ਪੜਾਅ ਚ ਹੁਸ਼ਿਆਰਪੁਰ ਵਿਖੇ ਪੰਜਾਬ ਦੇ ਨੌਜਵਾਨ ਹੁਣ ਵਿਦੇਸ਼ਾਂ ਵਿੱਚ ਭਾਂਡੇ ਨਹੀਂ ਮਾਂਜਣਗੇ;

"Equality and justice"
Patiala 02 November
INTERNATIONAL PAPER, 94636 01616
hardipchumber57@gmail.com

ਹੁਸ਼ਿਆਰਪੁਰ (ਚਰਨਜੀਤ ਸੱਲ੍ਹਾਂ )ਅੱਜ ਹੁਸ਼ਿਆਰਪੁਰ ਵਿਖੇ ਬਹੁਜਨ ਸਮਾਜ ਪਾਰਟੀ ਨੇ ਜ਼ਿਲ੍ਹੇ ਦੀ ਜਿੰਮੇਵਾਰੀ ਲੀਡਰਸ਼ਿਪ ਨੂੰ ਬੁਲਾ ਕੇ ਬਸਪਾ ਦੀ ਪੰਜਾਬ ਸੰਭਾਲੋ ਮਹਿਮ ਦੇ ਦੂਸਰੇ ਪੜਾ ਦੇ ਤਹਿਤ ਚਾਹ ਤੇ ਚਰਚਾ, ਖੂੰਡਾਂ ਤੇ ਚਰਚਾ,ਮੰਡੀਆਂ ਵਿੱਚ ਚਰਚਾ,ਬੱਸ ਅੱਡਿਆਂ ਤੇ ਚਰਚਾ,ਸਕੂਲਾਂ-ਕਾਲਜਾਂ



+ਯੂਨੀਵਰਸਿਟੀਆਂ ਵਿੱਚ ਚਰਚਾ ਛੱਪੜਾਂ,ਸੱਥਾਂ, ਅਤੇ ਪਿੱਪਲਾਂ ਬੋਹੜਾਂ ਥੱਲੇ ਚਰਚਾ, ਕਿਸਾਨਾਂ ਖੇਤ ਮਜ਼ਦੂਰਾਂ ਦਲਤਾਂ ਪਛੜਿਆਂ ਨੌਜਵਾਨਾਂ ਵਿਦਿਆਰਥੀਆਂ ਔਰਤਾਂ ਨਾਲ ਪੰਜਾਬ ਸੰਭਾਲੋ ਮਹਿਮ ਦੀ ਚਰਚਾ ਕਰਕੇ ਪੰਜਾਬ ਸੰਭਾਲੋ ਮਹਿਮ ਦੇ ਤਹਿਤ ਪੰਜਾਬ ਨੂੰ ਨਸ਼ਿਆਂ ਬੇਰੁਜ਼ਗਾਰੀ ਖੁਦਕਸ਼ੀ ਗਰੀਬੀ ਬੇਬਸੀ ਪਰਿਵਾਰ ਦੇ ਸੰਕਟ ਚੋਂ ਕੱਢਿਆ ਜਾਊਗਾ ਪੰਜਾਬ ਸੰਭਾਲੋ ਮਹਿਮ ਬਦਹਾਲ ਪੰਜਾਬ ਨੂੰ ਖੁਸ਼ਹਾਲ ਪੰਜਾਬ ਬਣਾਉਣ ਦਾ ਸੰਕਲਪ ਲੈ ਕੇ ਬਸਪਾ ਵਰਕਰ ਆਗੂ ਪਿੰਡਾਂ ਅਤੇ ਸ਼ਹਿਰਾਂ ਦੇ ਮਹੱਲਿਆਂ ਚ ਜਥੇਬੰਦਕ ਢਾਂਚੇ ਨੂੰ ਤਕੜਾ ਕਰਨ ਅੱਜ ਦੀ ਮੀਟਿੰਗ ਦੇ ਵਿੱਚ ਇਹ ਸੰਦੇਸ਼ ਦਿੱਤਾ ਗਿਆ ਜਿਸ ਵਿੱਚ ਐਡਵੋਕੇਟ ਪਰਮਿੰਦਰ ਕੁਮਾਰ ਹਲਕਾ ਚੱਬੇਵਾਲ ਦੇ ਇੰਚਾਰਜ,ਜੱਸ ਭੱਟੀ ਹਲਕਾ ਚੱਬੇਵਾਲ ਦੇ ਪ੍ਰਧਾਨ ਅਤੇ ਹੋਰ ਹੁਸ਼ਿਆਰਪੁਰ ਜ਼ਿਲ੍ਹੇ ਦੀ ਪੂਰੀ ਦੀ ਪੂਰੀ ਦੀ ਪੂਰੀ ਟੀਮ ਹਾਜ਼ਰ ਸੀ।

# ਸਿੱਖ ਨੈਸ਼ਨਲ ਕਾਲਜ, ਬੰਗਾ, ਦੇ ਵਿਦਿਆਰਥੀਆਂ ਦਾ 34ਵੇਂ ਮੇਲਾ ਗਦਰੀ ਬਾਬਿਆਂ ਦਾ ਵਿੱਚ ਸ਼ਾਨਦਾਰ ਪ੍ਰਦਰਸ਼ਨ

"Equality and justice"
Patiala 02 November
INTERNATIONAL PAPER, 94636 01616
hardipchumber57@gmail.com

ਬੰ ਗਾ / ਨ ਵਾਂ ਸ਼ ਹਿ ਰ (ਸਤਨਾਮ ਸਿੰਘ ਸਹੂੰਗੜਾ) ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ, ਵੱਲੋਂ ਆਯੋਜਿਤ 34ਵਾਂ ਮੇਲਾ ਗਦਰੀ ਬਾਬਿਆਂ ਦਾ (ਗਦਰੀ ਗੁਲਾਬ ਕੌਰ ਦੇ ਵਿਛੋੜੇ ਦੀ ਸ਼ਤਾਬਦੀ 1925–2025 ਨੂੰ ਸਮਰਪਿਤ) ਦੇ ਦੂਸਰੇ ਦਿਨ(31 ਅਕਤੂਬਰ, 2025) ਦੇ ਮੁਕਾਬਲਿਆਂ ਵਿੱਚ ਸਿੱਖ ਨੈਸ਼ਨਲ ਕਾਲਜ, ਬੰਗਾ (ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਦੇ ਵਿਦਿਆਰਥੀਆਂ ਨੇ




ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਕਾਲਜ ਦਾ ਨਾਮ ਰੌਸ਼ਨ ਕੀਤਾ। ਇਹ ਸਫਲਤਾ ਕਾਲਜ ਦੇ ਪ੍ਰਿੰਸੀਪਲ ਡਾ. ਤਰਸੇਮ ਸਿੰਘ ਦੀ ਰਾਹਨੁਮਾਈ ਹੇਠ ਪ੍ਰਾਪਤ ਹੋਈ। ਮੁਕਾਬਲਿਆਂ ਵਿੱਚ ਭਾਗ ਲੈਂਦਿਆਂ, ਕਾਲਜ ਦੀਆਂ ਬੀ. ਏ. ਭਾਗ ਦੂਸਰਾ ਤੇ ਤੀਸਰਾ ਦੀਆਂ ਵਿਦਿਆਰਥਣਾਂ ਟਵਿੰਕਲ, ਰਵੀਨਾ ਅਤੇ ਸੁਰਿੰਦਰ ਕੌਰ ਨੇ ਕੁਇਜ਼ ਮੁਕਾਬਲੇ ਵਿੱਚ 18 ਟੀਮਾਂ ਵਿੱਚੋਂ ਚੌਥਾ ਸਥਾਨ ਹਾਸਲ ਕੀਤਾ। ਕੁਇਜ਼ ਮੁਕਾਬਲੇ ਦੇ ਇੰਚਾਰਜ ਡਾ. ਕੁਮਾਰੀ ਸਿਖਾ ਅਤੇ ਪ੍ਰੋ. ਕਿਸ਼ੋਰ ਕੁਮਾਰ ਸਨ। ਇਸੇ ਮੇਲੇ ਦੇ ਭਾਸ਼ਣ (ਇਲੋਕਿਊਸ਼ਨ) ਮੁਕਾਬਲੇ ਵਿੱਚ ਬੀ. ਏ. ਭਾਗ- ਪਹਿਲਾ ਦੇ ਵਿਦਿਆਰਥੀ ਗੁਰਦੀਪ ਸਰੋਏ ਨੇ 30 ਤੋਂ ਵੱਧ ਪ੍ਰਤੀਯੋਗੀਆਂ ਵਿੱਚੋਂ "ਹੌਂਸਲਾ ਵਧਾਉ" ਇਨਾਮ ਪ੍ਰਾਪਤ ਕੀਤਾ। ਇਸ ਮੁਕਾਬਲੇ ਦੇ ਇੰਚਾਰਜ ਡਾ. ਨਿਰਮਲਜੀਤ ਕੌਰ ਅਤੇ ਪ੍ਰੋ. ਤਜਿੰਦਰ ਸਿੰਘ ਸਨ, ਜਿਨ੍ਹਾਂ ਨੇ ਵਿਦਿਆਰਥੀਆਂ ਨੂੰ ਤਿਆਰੀ ਵਿੱਚ ਪੂਰਾ ਸਹਿਯੋਗ ਦਿੱਤਾ। ਕਾਲਜ ਦੇ ਪ੍ਰਿੰਸੀਪਲ ਡਾ. ਤਰਸੇਮ ਸਿੰਘ ਹੁਰਾਂ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਇਸ ਪ੍ਰਾਪਤੀ ਲਈ ਮੁਬਾਰਕਬਾਦ ਦਿੱਤੀ ਅਤੇ ਕਿਹਾ ਕਿ ਇਹ ਉਨ੍ਹਾਂ ਦੀ ਮਹਿਨਤ ਅਤੇ ਸਮਰਪਣ ਦਾ ਨਤੀਜਾ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਹੋਰ ਵਧੀਆ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕੀਤਾ। ਸਥਾਨਕ ਪ੍ਰਬੰਧਕ ਕਮੇਟੀ ਦੇ ਸਕੱਤਰ ਸ. ਜਰਨੈਲ ਸਿੰਘ ਪੱਲੀਝਿੱਕੀ ਵੀ ਇਸ ਮੌਕੇ ਹਾਜ਼ਰ ਸਨ।

# ਸਤਿਗੁਰ ਨਾਮਦੇਵ ਜੀ ਦੇ ਜਨਮ ਦਿਨ ਦੀਆਂ ਸੰਗਤਾਂ ਨੂੰ ਵਧਾਈਆਂ ਦਿੱਤੀਆਂ --ਡਾ ਨਛੱਤਰ ਪਾਲ ਐਮ ਐਲ ਏ

"Equality and justice"
Patiala 02 November
INTERNATIONAL PAPER, 94636 01616
hardipchumber57@gmail.com

ਗੁਰਦਾਸਪੁਰ (ਚਰਨਜੀਤ ਸੱਲ੍ਹਾਂ )ਸਤਿਗੁਰੂ ਨਾਮਦੇਵ ਜੀ ਮਹਾਰਾਜ ਜੀ ਦੇ ਜਨਮ ਦਿਨ ਤੇ ਸਮੂਹ ਸੰਗਤ ਨੂੰ ਲੱਖ ਲੱਖ ਵਧਾਈ ਜਿਨ੍ਹਾਂ ਨੇ ਇਸ ਦੇਸ਼ ਦੇ ਵਿੱਚ 13ਵੀਂ ਸਦੀ ਵਿੱਚ ਬਰਾਬਰਤਾ ਦੀ ਲੜਾਈ ਲੜੀ ਉਨਾਂ ਨੇ ਉਚਾਰਨ ਕੀਤਾ ਹਸਤ ਖੇਲਤ ਤੇਰੇ ਦੇਹਰੇ ਆਇਆ



